Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ
# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ  ਖਰਾ ਸੱਚ

Online and Print Media  +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 325, 24 ਅਕਤੂਬਰ ਤੋਂ 30 ਅਕਤੂਬਰ, 2025  ਵੈਬਸਾਈਟ : www.preetnama.com, www.preetnews.com  ਈਮੇਲ preetnamausa@gmail.com

# ਅਮਰੀਕਾ ਵਿੱਚ ਪੰਜਾਬੀ ਟਰੱਕ ਡਰਾਈਵਰ ਇੱਕ ਸੜਕੀ ਹਾਦਸੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ, ਆਈਸੀਈ ਨੇ ਡਰਾਈਵਰ ਬਾਰੇ ਕੀ ਦੱਸਿਆ



ਅਮਰੀਕਾ ਦੇ ਕੈਲੀਫ਼ੋਰਨੀਆ ਵਿੱਚ ਮੰਗਲਵਾਰ ਨੂੰ ਹੋਏ ਸੜਕ ਹਾਦਸੇ ਮਾਮਲੇ ਵਿੱਚ ਪੰਜਾਬੀ ਮੂਲ ਦੇ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀਐੱਚਐੱਸ) ਨੇ ਜਾਣਕਾਰੀ ਦਿੱਤੀ ਹੈ ਕਿ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈਸੀਈ) ਨੇ ਭਾਰਤ ਤੋਂ ਆਏ ਇੱਕ ਅਪਰਾਧੀ ਗ਼ੈਰ-ਕਾਨੂੰਨੀ ਪਰਵਾਸੀ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਮੁਤਾਬਕ, ਜਸ਼ਨਪ੍ਰੀਤ ਸਿੰਘ ਕੈਲੀਫੋਰਨੀਆ ਦੇ ਸੈਨ ਬਰਨਾਰਡੀਨੋ ਕਾਉਂਟੀ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਇੱਕ ਹਾਦਸੇ ਲਈ ਜ਼ਿੰਮੇਵਾਰ ਹੈ ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਸੀ ਜਦਕਿ ਹੋਰ ਲੋਕ ਜ਼ਖ਼ਮੀ ਹੋਏ ਸਨ। ਇਹ ਘਟਨਾ ਵੈਸਟਬਾਉਂਡ 10 ਫ ?ਰੀਵੇਅ 'ਤੇ ਵਾਪਰੀ, ਜਦੋਂ ਇੱਕ ਸੈਮੀ ਟਰੱਕ ਨੇ ਕੁਝ ਵਾਹਨਾਂ ਨੂੰ ਟੱਕਰ ਮਾਰ ਦਿੱਤੀ ਸੀ। ਡੈਸ਼ਕੈਮ ਫੁਟੇਜ ਨੇ ਹਾਦਸੇ ਨੂੰ ਕੈਦ ਕਰ ਲਿਆ। ਗ੍ਰਹਿ ਸੁਰੱਖਿਆ ਵਿਭਾਗ ਮੁਤਾਬਕ ਇਸ ਘਟਨਾ ਦੌਰਾਨ 10 ਫ ?ਰੀਵੇਅ 'ਤੇ ਸੈਮੀ ਟਰੱਕ ਡਰਾਈਵਰ ਜ਼ਸ਼ਨਪ੍ਰੀਤ ਸਿੰਘ ਨੇ ਬ੍ਰੇਕ ਨਹੀਂ ਲਗਾਈ ਅਤੇ ਉਸ ਨੇ ਅੱਠ ਗੱਡੀਆਂ ਨੂੰ ਟੱਕਰ ਮਾਰ ਦਿੱਤੀ, ਜਿਨ੍ਹਾਂ ਵਿੱਚ ਚਾਰ ਵਪਾਰਕ ਵਾਹਨ ਵੀ ਸ਼ਾਮਲ ਸਨ ।ਹਾਦਸੇ ਵਿੱਚ ਚਾਰ ਲੋਕ ਹੋਰ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਓਨਟਾਰਿਓ ਫਾਇਰ ਡਿਪਾਰਟਮੈਂਟ ਦੇ ਮੁਤਾਬਕ ਸਾਰੇ ਪੀੜਤ ਬਾਲ.ਗ ਸਨ। ਡੀਐੱਚਐੱਸ ਨੇ ਅੱਗੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਜਸ਼ਨਪ੍ਰੀਤ ਸਿੰਘ ਪਹਿਲੀ ਵਾਰ 2022 ਵਿੱਚ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਇਆ ਸੀ ਅਤੇ ਬਾਈਡਨ ਪ੍ਰਸ਼ਾਸਨ ਦੇ ਅਧੀਨ ਦੇਸ਼ ਵਿੱਚ ਰਿਹਾਅ ਕੀਤਾ ਗਿਆ ਸੀ। ਸਹਾਇਕ ਸਕੱਤਰ ਟ੍ਰਿਸੀਆ ਮੈਕਲਾਫਲਿਨ ਨੇ ਕਿਹਾ, ÷ਇਹ ਇੱਕ ਭਿਆਨਕ ਦੁਖਾਂਤ ਹੈ ਕਿ ਲਾਪਰਵਾਹੀ ਨਾਲ ਬਣਾਈਆਂ ਖੁੱਲ੍ਹੀਆਂ ਸਰਹੱਦੀ ਨੀਤੀਆਂ ਕਾਰਨ ਤਿੰਨ ਮਾਸੂਮ ਜਾਨਾਂ ਚਲੀਆਂ ਗਈਆਂ ਹਨ। ਇਨ੍ਹਾਂ ਨੀਤੀਆਂ ਨੇ ਇੱਕ ਗ਼ੈਰ-ਕਾਨੂੰਨੀ ਪਰਵਾਸੀ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਦਾਖ਼ਲ ਹੋਣ ਤੇ ਅਮਰੀਕੀ ਹਾਈਵੇਅ 'ਤੇ 18-ਪਹੀਆ ਵਾਹਨ ਚਲਾਉਣ ਦੀ ਆਗਿਆ ਦਿੱਤੀ। ਉਸਨੇ ਅੱਗੇ ਕਿਹਾ, ਇਹ ਹਾਦਸਾ ਅਮਰੀਕਾ ਦੀਆਂ ਸੜਕਾਂ 'ਤੇ ਗ਼ੈਰ-ਕਾਨੂੰਨੀ ਵਿਦੇਸ਼ੀਆਂ ਵੱਲੋਂ 18-ਪਹੀਆ ਵਾਹਨਾਂ ਅਤੇ ਸੈਮੀ-ਟਰੱਕ ਚਲਾਉਣ ਦੀ ਇੱਕ ਪਰੇਸ਼ਾਨ ਕਰਨ ਵਾਲੀ ਪ੍ਰਵਿਰਤੀ ਦਾ ਹਿੱਸਾ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਡੀਐੱਚਐੱਸ ਨੇ ਇੰਡੀਆਨਾ ਵਿੱਚ ਵਾਪਰੇ ਇੱਕ ਹੋਰ ਘਾਤਕ ਹਾਦਸੇ ਬਾਰੇ ਦੱਸਿਆ ਜੋ ਇੱਕ ਗ਼ੈਰ-ਕਾਨੂੰਨੀ ਪਰਦੇਸੀ ਵੱਲੋਂ ਇੱਕ ਸੈਮੀ-ਟਰੱਕ ਚਲਾਉਣ ਕਾਰਨ ਵਾਪਰਿਆ ਸੀ। ਉਨ੍ਹਾਂ ਨੇ ਕਿਹਾ, ਰਾਸ਼ਟਰਪਤੀ ਟਰੰਪ ਅਤੇ ਸਕੱਤਰ ਨੋਏਮ ਦੀ ਅਗਵਾਈ ਵਿੱਚ ਆਈਸੀਈ ਅਮਰੀਕਾ ਦੀਆਂ ਸੜਕਾਂ ਨੂੰ ਮੁੜ ਸੁਰੱਖਿਅਤ ਬਣਾਉਣ ਲਈ ਦਿਨ-ਰਾਤ ਕੰਮ ਕਰ ਰਿਹਾ ਹੈ।

**ਅਗਸਤ ਮਹੀਨੇ ਵੀ ਵਾਪਰਿਆ ਸੀ ਹਾਦਸਾ**

ਇਸ ਤੋਂ ਪਹਿਲਾਂ ਅਗਸਤ ਮਹੀਨੇ ਵਿੱਚ ਵੀ ਫਲੋਰੀਡਾ 'ਚ ਟਰੱਕ ਹਾਦਸੇ ਦੇ ਮਾਮਲੇ 'ਚ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। 12 ਅਗਸਤ ਨੂੰ ਇੱਕ ਮਿੰਨੀ ਵੈਨ ਅਤੇ ਸੈਮੀ-ਟਰੱਕ ਵਿਚਕਾਰ ਟੱਕਰ ਹੋ ਗਈ ਸੀ। ਜਿਸ ਵਿੱਚ ਵੀ ਤਿੰਨ ਜਣਿਆਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਦੀ ਡੈਸ਼ਕੈਮ ਫੁਟੇਜ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ। ਇਸ ਘਟਨਾ ਦੌਰਾਨ ਟਰੱਕ ਡਰਾਈਵਰ ਹਰਜਿੰਦਰ ਸਿੰਘ 'ਤੇ ਅਣਗਹਿਲੀ ਨਾਲ ਗੱਡੀ ਚਲਾਉਣ ਦੇ ਇਲਜ਼ਾਮ ਲੱਗੇ ਸਨ। ਹਰਜਿੰਦਰ ਵੀ 2018 'ਚ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ। ਇਸ ਹਾਦਸੇ ਮਗਰੋਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਦਿੱਤੇ ਜਾਣ ਦਾ ਮੁੱਦਾ ਕਾਫ਼ੀ ਚਰਚਾ ਵਿੱਚ ਆਇਆ ਸੀ।

**ਫਲੋਰੀਡਾ ਹਾਦਸੇ ਮਗਰੋਂ ਅਮਰੀਕਾ ਵਿਚ ਸਿੱਖ ਟਰੱਕ ਡਰਾਈਵਰਾਂ ਵਿਰੁਧ ਨ.ਫਰਤ ਵਧੀ**

ਫ਼ਲੋਰੀਡਾ 'ਚ ਪਿਛਲੇ ਮਹੀਨੇ ਇਕ ਸਿੱਖ ਟਰੱਕ ਡਰਾਈਵਰ ਦੀ ਕਥਿਤ ਗ਼ਲਤੀ ਕਾਰਨ ਵਾਪਰੇ ਭਿਆਨਕ ਸੜਕੀ ਹਾਦਸੇ ਮਗਰੋਂ ਪ੍ਰਵਾਸ ਨੂੰ ਲੈ ਕੇ ਅਮਰੀਕਾ ਵਿਚ ਕੌਮੀ ਪੱਧਰ ਉਤੇ ਤਿੱਖੀ ਬਹਿਸ ਹੋ ਰਹੀ ਹੈ ਜਿਸ ਕਾਰਨ ਸਿੱਖਾਂ ਵਿਰੁਧ ਨ.ਫਰਤੀ ਬਿਆਨਬਾਜ਼ੀ 'ਚ ਵਾਧਾ ਹੋ ਰਿਹਾ ਹੈ। ਅਜਿਹਾ ਕੈਲੀਫੋਰਨੀਆ ਦੇ ਸਿੱਖ ਟਰੱਕਿੰਗ ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ। ਜ਼ਿਕਰਯੋਗ ਹੈ ਕਿ 12 ਅਗੱਸਤ ਨੂੰ ਭਾਰਤੀ ਮੂਲ ਦੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੇ ਫਲੋਰਿਡਾ ਟਰਨਪਾਈਕ ਉਤੇ ਯੂ-ਟਰਨ ਲੈ ਰਿਹਾ ਸੀ, ਜਿਸ ਕਾਰਨ ਉਸ ਦੇ ਟਰੱਕ ਵਿਚ ਵੱਜਣ ਮਗਰੋਂ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਅਤੇ ਇਸ ਤੋਂ ਬਾਅਦ ਹੋਈ ਜਾਂਚ ਤੋਂ ਬਾਅਦ ਫਲੋਰਿਡਾ ਦੇ ਰਿਪਬਲਿਕਨ ਗਵਰਨਰ ਰੌਨ ਡੀਸੈਂਟਿਸ ਅਤੇ ਕੈਲੀਫੋਰਨੀਆ ਦੇ ਡੈਮੋਕ੍ਰੇਟਿਕ ਗਵਰਨਰ ਗੈਵਿਨ ਨਿਊਸਮ ਵਿਚਾਲੇ ਬਹਿਸ ਸ਼ੁਰੂ ਹੋ ਗਈ। ਇਸ ਨਾਲ ਹੀ ਸਿੱਖਾਂ ਨੂੰ ਆਨਲਾਈਨ ਬਦਨਾਮੀ ਦੀ ਵੀ ਸ਼ੁਰੂਆਤ ਹੋ ਗਈ। ਕੈਲੀਫੋਰਨੀਆ ਦੇ ਰਿਵਰਸਾਈਡ ਦੇ ਟਰੱਕ ਡਰਾਈਵਰ ਪ੍ਰਭ ਸਿੰਘ ਨੇ ਕਿਹਾ, "ਆਨਲਾਈਨ ਬਹੁਤ ਸਾਰੀਆਂ ਨਕਾਰਾਤਮਕ ਟਿਪਣੀਆਂ ਕੀਤੀਆਂ ਜਾ ਰਹੀਆਂ ਹਨ।" 8 ਸਾਲ ਦੀ ਉਮਰ 'ਚ ਭਾਰਤ ਤੋਂ ਆਏ ਅਮਰੀਕੀ ਨਾਗਰਿਕ ਪ੍ਰਭ ਸਿੰਘ ਨੇ ਕਿਹਾ ਕਿ ਲੋਕ ਕਹਿ ਰਹੇ ਹਨ ਕਿ ਸੜਕਾਂ ਤੋਂ 'ਪੱਗਾਂ ਬੰਨ੍ਹਣ ਵਾਲਿਆਂ ਨੂੰ ਹਟਾਓ' ਅਤੇ 'ਪ੍ਰਵਾਸੀਆਂ ਨੂੰ ਸੜਕਾਂ ਤੋਂ ਹਟਾ ਕੇ ਸਾਡੀਆਂ ਸੜਕਾਂ ਨੂੰ ਸੁਰੱਖਿਅਤ ਬਣਾਓ।'




## ਅਮਰੀਕਾ ਨੇ ਵੀਜ਼ਾ 'ਤੇ ਲਾਈ ਸੀ ਰੋਕ



ਅਗਸਤ ਵਿੱਚ ਅਮਰੀਕੀ ਸਰਕਾਰ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਵਰਕਰ ਵੀਜ਼ੇ ਜਾਰੀ ਕਰਨਾ ਰੋਕ ਦਿੱਤਾ ਸੀ। 22 ਅਗਸਤ ਨੂੰ ਅਮਰੀਕਾ ਦੇ ਸੈਕ੍ਰੇਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਐਕਸ ਉੱਤੇ ਲਿਖਿਆ ਸੀ ਕਿ ਕਮਰਸ਼ੀਅਲ ਟਰੱਕ ਡਰਾਈਵਰਾਂ ਨੂੰ ਵਰਕਰਜ਼ ਵੀਜ਼ੇ ਦਿੱਤੇ ਜਾਣ ਉੱਤੇ ਤੁਰੰਤ ਰੋਕ ਲਾਈ ਜਾ ਰਹੀ ਹੈ। ਉਨ੍ਹਾਂ ਅੱਗੇ ਲਿਖਿਆ ਅਮਰੀਕਾ ਵਿੱਚ ਵਿਦੇਸ਼ੀ ਡਰਾਈਵਰਾਂ ਵੱਲੋਂ ਅਮਰੀਕੀ ਸੜਕਾਂ ਉੱਤੇ ਟਰੈਕਟਰ-ਟਰੇਲਰ ਚਲਾਏ ਜਾਣ ਦੀ ਗਿਣਤੀ ਦਾ ਵਧਣਾ ਅਮਰੀਕੀਆਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ ਅਤੇ ਅਮਰੀਕੀ ਟਰੱਕ ਡਰਾਇਵਰਾਂ ਕੋਲੋਂ ਉਨ੍ਹਾਂ ਦਾ ਰੁਜ਼ਗਾਰ ਖੁੰਝ ਰਿਹਾ ਹੈ। ਉਸ ਸਮੇਂ ਸਟੇਟ ਡਿਪਾਰਟਮੈਂਟ ਦੇ ਇੱਕ ਬੁਲਾਰੇ ਨੇ ਕਿਹਾ ਸੀ ਕਿ ਇਹ ਰੋਕ ਇਸ ਲਈ ਲਗਾਈ ਗਈ ਹੈ ਤਾਂ ਜੋ ਅਮਰੀਕੀ ਵੀਜ਼ਾ ਜਾਰੀ ਕਰਨ ਲਈ ਵਰਤੇ ਜਾਂਦੇ ਸਕ੍ਰੀਨਿੰਗ ਅਤੇ ਜਾਂਚ ਪ੍ਰੋਟੋਕੋਲ ਦੀ ਪੂਰੀ ਅਤੇ ਵਿਸਤ੍ਰਿਤ ਸਮੀਖਿਆ ਕੀਤੀ ਜਾ ਸਕੇ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 325
Website: www.preetnama.com Email preetnamausa@gmail.com
24 OCT TO 30 OCT, 2025

# ਰੂਸੀ ਤੇਲ ’ਤੇ ਨਵੀਆਂ ਪਾਬੰਦੀਆਂ ਤੋਂ ਭੜਕ ਗਿਆ ਚੀਨ, ਅਮਰੀਕਾ ਨੂੰ ਸੁਣਾਈਆਂ ਖਰੀਆਂ-ਖਰੀਆਂ

ਇੰਟਰਨੈਸ਼ਨਲ ਡੈਸਕ- ਚੀਨ ਨੇ ਵੀਰਵਾਰ ਨੂੰ ਕਿਹਾ ਕਿ ਉਹ ਰੂਸ ਦੀਆਂ ਦੋ ਸਭ ਤੋਂ ਵੱਡੀਆਂ ਤੇਲ ਕੰਪਨੀਆਂ ’ਤੇ ਹਾਲ ਹੀ ਵਿੱਚ ਲਗਾਈਆਂ ਗਈਆਂ ਅਮਰੀਕੀ ਪਾਬੰਦੀਆਂ ਦਾ ਵਿਰੋਧ ਕਰਦਾ ਹੈ। ਚੀਨ ਨੇ ਕਿਹਾ ਕਿ ਰੂਸੀ ਕੰਪਨੀਆਂ, ਰੋਸਨੇਫਟ ਅਤੇ ਲੁਕੋਇਲ ’ਤੇ ਲਗਾਈਆਂ ਗਈਆਂ ਨਵੀਆਂ ਅਮਰੀਕੀ ਪਾਬੰਦੀਆਂ ਦਾ ਅੰਤਰਰਾਸ਼ਟਰੀ ਕਾਨੂੰਨ ਵਿੱਚ ਕੋਈ ਆਧਾਰ ਨਹੀਂ ਹੈ।




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁਡਾਪੇਸਟ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਆਪਣੀ ਮੁਲਾਕਾਤ ਰੱਦ ਕਰਨ ਦਾ ਐਲਾਨ ਕਰਨ ਤੋਂ ਇੱਕ ਦਿਨ ਬਾਅਦ ਬੁੱਧਵਾਰ ਨੂੰ ਰੂਸੀ ਤੇਲ ਕੰਪਨੀਆਂ ’ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ। ਟਰੰਪ ਨੇ ਇਹ ਕਹਿੰਦੇ ਹੋਏ ਰਾਸ਼ਟਰਪਤੀ ਪੁਤਿਨ ਨਾਲ ਆਪਣੀ ਮੁਲਾਕਾਤ ਰੱਦ ਕਰ ਦਿੱਤੀ ਕਿ ਭਾਵੇਂ ਚਰਚਾਵਾਂ ਚੰਗੀਆਂ ਹਨ ਪਰ ਉਨ੍ਹਾਂ ਦੇ ਕੋਈ ਠੋਸ ਨਤੀਜੇ ਨਹੀਂ ਨਿਕਲਦੇ। ਰੂਸੀ ਤੇਲ ’ਤੇ ਨਵੀਆਂ ਪਾਬੰਦੀਆਂ ਤੋਂ ਭਾਰਤ ਅਤੇ ਚੀਨ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਉਮੀਦ ਹੈ। ਪਾਬੰਦੀਆਂ ਪ੍ਰਤੀ ਭਾਰਤ ਦਾ ਜਵਾਬ ਅਜੇ ਜਾਰੀ ਨਹੀਂ ਕੀਤਾ ਗਿਆ ਹੈ ਪਰ ਚੀਨ ਵੱਲੋਂ ਤਿੱਖੀ ਪ੍ਰਤੀਕਿਰਿਆ ਦੇਣ ਦੀ ਉਮੀਦ ਹੈ। ਰਾਜਧਾਨੀ ਵਿੱਚ ਰੋਜ਼ਾਨਾ ਪ੍ਰੈਸ ਕਾਨਫਰੰਸ ਦੌਰਾਨ ਰੂਸੀ ਤੇਲ ’ਤੇ ਨਵੀਆਂ ਅਮਰੀਕੀ ਪਾਬੰਦੀਆਂ ਬਾਰੇ ਪੁੱਛੇ ਜਾਣ ’ਤੇ, ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਕਿਹਾ, ÷ਚੀਨ ਲਗਾਤਾਰ ਉਨ੍ਹਾਂ ਇਕਪਾਸੜ ਪਾਬੰਦੀਆਂ ਦਾ ਵਿਰੋਧ ਕਰਦਾ ਹੈ ਜਿਨ੍ਹਾਂ ਦਾ ਅੰਤਰਰਾਸ਼ਟਰੀ ਕਾਨੂੰਨ ਵਿੱਚ ਕੋਈ ਆਧਾਰ ਨਹੀਂ ਹੈ ਅਤੇ ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਪ੍ਰਵਾਨਗੀ ਨਹੀਂ ਮਿਲੀ ਹੈ। ਇਸ ਦੌਰਾਨ, ਗੁਓ ਨੂੰ ਟਰੰਪ ਦੁਆਰਾ ਕੀਤੀ ਗਈ ਇੱਕ ਟਿੱਪਣੀ ਦਾ ਜਵਾਬ ਦੇਣ ਲਈ ਵੀ ਕਿਹਾ ਗਿਆ ਸੀ। ਟਰੰਪ ਨੇ ਕਿਹਾ ਸੀ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਯੂਕਰੇਨ ਯੁੱਧ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਪੁਤਿਨ ’ਤੇ ÷ਬਹੁਤ ਪ੍ਰਭਾਵ÷ ਪਾ ਸਕਦੇ ਹਨ। ਇਸ ਟਿੱਪਣੀ ਬਾਰੇ ਪੁੱਛੇ ਜਾਣ ’ਤੇ, ਗੁਓ ਨੇ ਇੱਕ ਸੰਤੁਲਿਤ ਜਵਾਬ ਪੇਸ਼ ਕਰਦੇ ਹੋਏ ਕਿਹਾ, ÷ਯੂਕਰੇਨ ਸੰਕਟ ਦਾ ਇੱਕੋ ਇੱਕ ਵਿਹਾਰਕ ਹੱਲ ਗੱਲਬਾਤ ਹੈ। ਉਸੇ ਪ੍ਰੈਸ ਕਾਨਫਰੰਸ ਵਿੱਚ, ਗੁਓ ਨੇ ਰੂਸ ’ਤੇ ਯੂਰਪੀਅਨ ਯੂਨੀਅਨ ਦੀਆਂ ਨਵੀਆਂ ਪਾਬੰਦੀਆਂ ਦੀ ਆਲੋਚਨਾ ਕੀਤੀ, ਜੋ ਕੁਝ ਚੀਨੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਬੀਜਿੰਗ ਇਸ ਤੋਂ ਬਹੁਤ ਅਸੰਤੁਸ਼ਟ ਹੈ। ਗੁਓ ਨੇ ਕਿਹਾ, ÷ਯੂਕਰੇਨ ਸੰਕਟ ਨਾ ਤਾਂ ਚੀਨ ਕਾਰਨ ਹੈ ਅਤੇ ਨਾ ਹੀ ਚੀਨ ਇਸਦਾ ਇੱਕ ਪੱਖ ਹੈ। ਯੂਰਪੀਅਨ ਦੇਸ਼ਾਂ ਨੂੰ ਚੀਨ ਅਤੇ ਰੂਸ ਵਿਚਕਾਰ ਆਮ ਵਪਾਰਕ ਸਬੰਧਾਂ ਅਤੇ ਸਹਿਯੋਗ ’ਤੇ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

# ਟਰੰਪ ਦੀਆਂ ਧਮਕੀਆਂ ਤੋਂ ਡਰ ਗਿਆ ਚੀਨ ! ਰੂਸ ਦੀਆਂ ਪ੍ਰਮੁੱਖ ਤੇਲ ਕੰਪਨੀਆਂ ਤੋਂ ਰੋਕਿਆ ਤੇਲ ਆਯਾਤ



ਇੰਟਰਨੈਸ਼ਨਲ ਡੈਸਕ- ਅਮਰੀਕੀ ਪਾਬੰਦੀਆਂ ਦੇ ਜਵਾਬ ਵਿੱਚ ਚੀਨ ਦੀਆਂ ਪ੍ਰਮੁੱਖ ਸਰਕਾਰੀ ਮਾਲਕੀ ਵਾਲੀਆਂ ਤੇਲ ਕੰਪਨੀਆਂ ਨੇ ਹਾਲ ਹੀ ਵਿੱਚ ਰੂਸ ਦੀਆਂ ਪ੍ਰਮੁੱਖ ਤੇਲ ਕੰਪਨੀਆਂ, ਰੋਸਨੇਫਟ ਅਤੇ ਲੂਕੋਇਲ ਤੋਂ ਰੂਸੀ ਕੱਚੇ ਤੇਲ ਦੀ ਸਮੁੰਦਰੀ ਖਰੀਦ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਹੈ। ਇਸ ਫੈਸਲੇ ਨੇ ਵਿਸ਼ਵ ਊਰਜਾ ਬਾਜ਼ਾਰਾਂ ਵਿੱਚ ਹਲਚਲ ਮਚਾ ਦਿੱਤੀ ਹੈ ਕਿਉਂਕਿ ਚੀਨ ਰੂਸ ਦਾ ਸਭ ਤੋਂ ਵੱਡਾ ਤੇਲ ਆਯਾਤਕ ਹੈ।

ਅਮਰੀਕਾ ਨੇ ਰੂਸ ਦੀਆਂ ਪ੍ਰਮੁੱਖ ਤੇਲ ਕੰਪਨੀਆਂ, ਰੋਸਨੇਫਟ ਅਤੇ ਲੂਕੋਇਲ ’ਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ, ਉਨ੍ਹਾਂ ਦੀਆਂ ਅਮਰੀਕੀ ਸੰਪਤੀਆਂ ਨੂੰ ਜ਼ਬਤ ਕਰ ਦਿੱਤਾ ਹੈ ਅਤੇ ਅਮਰੀਕੀ ਕੰਪਨੀਆਂ ਨੂੰ ਉਨ੍ਹਾਂ ਨਾਲ ਕਾਰੋਬਾਰ ਕਰਨ ਤੋਂ ਰੋਕਿਆ ਹੈ।

ਚੀਨ ਦੀਆਂ ਸਰਕਾਰੀ ਮਾਲਕੀ ਵਾਲੀਆਂ ਤੇਲ ਕੰਪਨੀਆਂ, ਪੈਟਰੋਚਾਈਨਾ, ਸਿਨੋਪੇਕ, ਸੀਐਨਓਓਸੀ, ਅਤੇ ਜ਼ੇਨਹੂਆ ਆਇਲ, ਨੇ ਇਨ੍ਹਾਂ ਪਾਬੰਦੀਆਂ ਦੇ ਜਵਾਬ ਵਿੱਚ ਰੂਸੀ ਤੇਲ ਦੀ ਸਮੁੰਦਰੀ ਖਰੀਦ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਹੈ। ਭਾਰਤ ਦਾ ਰੁਖ਼: ਭਾਰਤ ਦੀ ਪ੍ਰਮੁੱਖ ਰਿਫਾਇਨਰੀ ਕੰਪਨੀ, ਰਿਲਾਇੰਸ ਇੰਡਸਟਰੀਜ਼, ਨੇ ਵੀ ਆਪਣੇ ਲੰਬੇ ਸਮੇਂ ਦੇ ਇਕਰਾਰਨਾਮੇ ਦੇ ਤਹਿਤ ਰੋਸਨੇਫਟ ਤੋਂ ਤੇਲ ਆਯਾਤ ਨੂੰ ਰੋਕਣ ਦਾ ਫੈਸਲਾ ਕੀਤਾ ਹੈ। ਚੀਨ ਅਤੇ ਭਾਰਤ ਦੁਆਰਾ ਰੂਸੀ ਤੇਲ ਦੀ ਆਪਣੀ ਖਰੀਦ ਨੂੰ ਘਟਾਉਣ ਦੇ ਨਾਲ, ਰੂਸ ਦੇ ਤੇਲ ਆਯਾਤ ਵਿੱਚ ਗਿਰਾਵਟ ਆ ਸਕਦੀ ਹੈ, ਜਿਸ ਨਾਲ ਵਿਸ਼ਵਵਿਆਪੀ ਤੇਲ ਸਪਲਾਈ ਲੜੀ ਪ੍ਰਭਾਵਿਤ ਹੋ ਸਕਦੀ ਹੈ। ਇਹ ਵਿਕਾਸ ਭੂ-ਰਾਜਨੀਤਿਕ ਘਟਨਾਵਾਂ ਅਤੇ ਆਰਥਿਕ ਪਾਬੰਦੀਆਂ ਦਾ ਵਿਸ਼ਵ ਊਰਜਾ ਬਾਜ਼ਾਰਾਂ ’ਤੇ ਡੂੰਘਾ ਪ੍ਰਭਾਵ ਦਰਸਾਉਂਦਾ ਹੈ।

# ਦੀਵਾਲੀ ’ਤੇ, ਪ੍ਰਧਾਨ ਮੰਤਰੀ ਕਾਰਨੀ ਨੇ ਵਧ ਰਹੇ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦਾ ਸੱਦਾ ਦਿੱਤਾ

ਟੋਰਾਂਟੋ (ਸੁਰਜੀਤ ਸਿੰਘ ਫਲੋਰਾ) ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬਰੈਂਪਟਨ ਦੇ ਪੀਅਰਸਨ ਕਨਵੈਨਸ਼ਨ ਸੈਂਟਰ ਵਿਖੇ ਆਯੋਜਿਤ 24ਵੇਂ ਸਾਲਾਨਾ ਟ੍ਰਿਲੀਅਮ ਦੀਵਾਲੀ ਗਾਲਾ ਵਿੱਚ ਦੀਵਾਲੀ ਦੇ ਜਸ਼ਨ ਦੌਰਾਨ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦੀ ਮਹੱਤਤਾ ’ਤੇ ਜ਼ੋਰ ਦਿੱਤਾ, ਇਸ ਥੀਮ ਨੂੰ ਦੇਸ਼ ਭਰ ਵਿੱਚ ਅਪਰਾਧ ਘਟਾਉਣ ਦੇ ਉਦੇਸ਼ ਨਾਲ ਆਪਣੀ ਸਰਕਾਰ ਦੇ ਯਤਨਾਂ ਨਾਲ ਜੋੜਿਆ।

ਸ਼ੁੱਕਰਵਾਰ ਸ਼ਾਮ ਨੂੰ ਟ੍ਰਿਲੀਅਮ ਦੀਵਾਲੀ ਗਾਲਾ 2025 ਵਿੱਚ ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ, ਕਾਰਨੀ ਨੇ ਟਿੱਪਣੀ ਕੀਤੀ, ÷ਕੈਨੇਡਾ ਵਿੱਚ, ਹਰ ਕਿਸੇ ਨੂੰ ਕੰਮ ’ਤੇ ਜਾਣ, ਮੰਦਰ ਜਾਣ, ਘਰ ਵਾਪਸ ਆਉਣ ਅਤੇ ਰਾਤ ਨੂੰ ਸ਼ਾਂਤੀ ਨਾਲ ਆਰਾਮ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਟ੍ਰਿਲੀਅਮ ਹੈਲਥ ਪਾਰਟਨਰਜ਼ ਫਾਊਂਡੇਸ਼ਨ ਦੁਆਰਾ ਆਯੋਜਿਤ ਗਾਲਾ ਦਾ ਉਦੇਸ਼ ÷ਕੈਨੇਡਾ ਦੇ ਸਭ ਤੋਂ ਵੱਡੇ ਸਿਹਤ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਪ੍ਰੋਜੈਕਟ÷ ਵਜੋਂ ਦਰਸਾਏ ਗਏ ਫੰਡ ਇਕੱਠੇ ਕਰਨਾ ਸੀ। ਕਾਰਨੀ ਨੇ ਕਿਹਾ ਕਿ ਭਾਈਚਾਰੇ ਅਤੇ ਉਦਾਰਤਾ ਦੇ ਗਾਲਾ ਦੇ ਯਾਦਗਾਰੀ ਸਮਾਰੋਹ ਵਿੱਚ ÷ਦੀਵਾਲੀ ਲਈ ਬੁਨਿਆਦੀ ਕਦਰਾਂ-ਕੀਮਤਾਂ ÷ ਸ਼ਾਮਲ ਹਨ, ਇੱਕ ਤਿਉਹਾਰ ÷ਹਨੇਰੇ ਉੱਤੇ ਰੌਸ਼ਨੀ ਦੀ ਜਿੱਤ, ਉਮੀਦ ਦੀ ਪੁਨਰ ਸੁਰਜੀਤੀ ਅਤੇ ਨੇਕੀ ਦੀ ਖੋਜ÷ ਨੂੰ ਦਰਸਾਉਂਦਾ ਹੈ। “ਰੋਸ਼ਨੀਆਂ ਦਾ ਇਹ ਤਿਉਹਾਰ ਸਾਡੇ ਦੇਸ਼ ਵਿੱਚ ਫੈਲਿਆ ਹੋਇਆ ਹੈ, ਸਾਡੀ ਧਰਤੀ ਦੀ ਡੂੰਘੀ ਵਿ ?ਭੰਨਤਾ ਦਾ ਜਸ਼ਨ ਮਨਾਉਂਦਾ ਹੈ ਅਤੇ ਨਾਲ ਹੀ ਕੈਨੇਡਾ ਦੀ ਏਕਤਾ ਨੂੰ ਅਪਣਾਉਂਦਾ ਹੈ ਜੋ ਉਸ ਵਿ ?ਭੰਨਤਾ ਦੇ ਅੰਦਰ ਨਿ ?ਹਤ ਹੈ,”ਉਸਨੇ ਕਿਹਾ। ਇਸ ਤੋਂ ਇਲਾਵਾ, ਉਸਨੇ ਅੱਗੇ ਬੋਲਦੇ ਹੋ ਆਪਣੇ ਭਾਸ਼ਨ ਵਿਚ ਕਿਹਾ ਕਿ



ਰੌਸ਼ਨੀਆਂ ਦਾ ਤਿਉਹਾਰ, ਜੋ ਇਸ ਸਮੇਂ ਕੈਨੇਡਾ ਭਰ ਵਿੱਚ ਮਨਾਇਆ ਜਾਂਦਾ ਹੈ, ਦੇਸ਼ ਦੀ ਅਮੀਰ ਵਿ ?ਭੰਨਤਾ ਨੂੰ ਦਰਸਾਉਂਦਾ ਹੈ ਅਤੇ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ ਜੋ ਕੈਨੇਡੀਅਨਾਂ ਨੂੰ ਇਕ ਮੁੱਠ ਇਕ ਹੋਣ ਦਾ ਪ੍ਰਗਟਾਵਾਂ ਕਰਦਾ ਹੈ। ਪ੍ਰਧਾਨ ਮੰਤਰੀ ਨੇ ਗ੍ਰੇਟਰ ਟੋਰਾਂਟੋ ਖੇਤਰ ਵਿੱਚ ਅਪਰਾਧਾਂ ਬਾਰੇ ਵਧਦੀਆਂ ਜਨਤਕ ਚਿੰਤਾਵਾਂ ਦਾ ਜਵਾਬ ਦਿੱਤਾ, ਹਾਲ ਹੀ ਦੇ ਮਹੀਨਿਆਂ ਵਿੱਚ ਕਾਰਜੈਕਿੰਗ, ਘਰਾਂ ਵਿੱਚ ਹਮਲੇ ਅਤੇ ਜਬਰੀ ਵਸੂਲੀ ਦੀਆਂ ਘਟਨਾਵਾਂ ਵਿੱਚ ਵਾਧੇ ’ਤੇ ਜ਼ੋਰ ਦਿੱਤਾ। ਆਪਣੇ ਪ੍ਰਸ਼ਾਸਨ ਦੀਆਂ ਹਾਲੀਆ ਪਹਿਲਕਦਮੀਆਂ ’ਤੇ ਚਰਚਾ ਕਰਦੇ ਹੋਏ, ਕਾਰਨੀ ਨੇ ਜ਼ੋਰ ਦਿੱਤਾ ਕਿ ਜਨਤਕ ਵਿਸ਼ਵਾਸ ਨੂੰ ਮੁੜ ਸਥਾਪਤ ਅਤੇ ਕਾਨੂੰਨ ਲਾਗੂ ਕਰਨ ਦੀਆਂ ਸਮਰੱਥਾਵਾਂ ਨੂੰ ਵਧਾਉਣ ਲਈ ਉਪਾਅ ਲਾਗੂ ਕੀਤੇ ਜਾ ਰਹੇ ਹਨ।

ਉਸਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਵਜੋਂ ਵਰਗੀਕ੍ਰਿਤ ਕਰਨ ਦੇ ਉਪਾਵਾਂ ਵਿੱਚੋਂ ਇੱਕ ’ਤੇ ਜ਼ੋਰ ਦਿੱਤਾ, ਜਿਸਦਾ ਉਦੇਸ਼ ਰਾਸ਼ਟਰੀ ਸੀਮਾਵਾਂ ਦੇ ਪਾਰ ਕੰਮ ਕਰਨ ਵਾਲੇ ਸੰਗਠਿਤ ਅਪਰਾਧ ਸਿੰਡੀਕੇਟਾਂ ਨੂੰ ਖਤਮ ਕਰਨਾ ਹੈ। ਕਾਰਨੀ ਨੇ ਟਰੰਪ ’ਤੇ ਵਿਅੰਗ ਨਾਲ ਟਿੱਪਣੀ ਕਰਦੇ ਹੋਏ ਕਿਹਾ ਕਿ ਹਾਲਾਂਕਿ ਉਹ ਰਾਸ਼ਟਰਪਤੀ ਟਰੰਪ ’ਤੇ ਨਿਯੰਤਰਣ ਨਹੀਂ ਪਾ ਸਕਦੇ, ਪਰ ਉਹ ਖੁਸ਼ ਹਨ ਕਿ ਉਹਨਾਂ ਨੂੰ ਟਰੰਪ ਨੇ ਇਕ ਰਾਸਟਰਪਤੀ ਦੇ ਪੱਦ ਦੀ ਉਪਾਦੀ ਬਖ਼ਸੀ ਹੈ ਜਿਸ ਤੋਂ ਉਹ ਬਹੁਤ ਖੁਸ਼ ਹਨ, ਜੋ ਪਿਛਲੇ ਦਿਨੀ ਸ਼ਾਤੀ ਵਾਰਤਾਂ ਤੇ ਗਲਤੀ ਨਾਲ ਮਾਰਕ ਕਾਰਨੀ ਨੂੰ ਰਾਸਟਰਪਤੀ ਕਹਿ ਕੇ ਸੰਬੋਧੰਨ ਕੀਤਾ ਸੀ।

ਅੱਗੇ ਬੋਲੇ ਹੋਏ ਉਨ੍ਹਾਂ ਵੱਲੋਂ ਦੱਸੇ ਗਏ ਉਪਾਵਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਵਜੋਂ ਵਰਗੀਕ੍ਰਿਤ ਕਰਨਾ ਸ਼ਾਮਲ ਸੀ, ਜਿਸਦਾ ਉਦੇਸ਼ ਸਰਹੱਦ ਪਾਰ ਦੇ ਖੇਤਰਾਂ ਵਿੱਚ ਕੰਮ ਕਰ ਰਹੀਆਂ ਸੰਗਠਿਤ ਅਪਰਾਧਿਕ ਸੰਸਥਾਵਾਂ ਨਾਲ ਨਜਿੱਠਣਾ ਸੀ। ਉਨ੍ਹਾਂ ਨੇ ਕੈਨੇਡਾ ਦੇ ਅਪਰਾਧਿਕ ਜ਼ਾਬਤੇ ਵਿੱਚ ਹਾਲ ਹੀ ਵਿੱਚ ਕੀਤੇ ਗਏ ਸੋਧਾਂ ਦੀ ਵੀ ਜਾਂਚ ਕੀਤੀ ਜੋ ਵਧੇਰੇ ਸਖ਼ਤ ਜ਼ਮਾਨਤ ਨਿਯਮਾਂ ਨੂੰ ਲਾਗੂ ਕਰਨਗੇ ਅਤੇ ਗੰਭੀਰ ਅਪਰਾਧਾਂ ਲਈ ਸਖ਼ਤ ਜੇਲ੍ਹ ਦੀਆਂ ਸਜ਼ਾਵਾਂ ਲਾਗੂ ਕਰਨਗੇ।

ਕਾਰਨੀ ਦਾ ਕਹਿਣਾ ਹੈ ਕਿ ਨਵਾਂ ਕਾਨੂੰਨ ਗੰਭੀਰ ਅਪਰਾਧਾਂ ਦੇ ਦੋਸ਼ਾਂ ਵਾਲੇ ਲੋਕਾਂ ਲਈ ਜ਼ਮਾਨਤ ਪ੍ਰਾਪਤ ਕਰਨਾ ਔਖਾ ਬਣਾਉਣ, ਦੁਹਰਾਉਣ ਵਾਲੇ ਅਪਰਾਧੀਆਂ ਲਈ ਲੰਬੀਆਂ ਸਜ਼ਾਵਾਂ ਦੇਣ ਅਤੇ ਸੰਗਠਿਤ ਪ੍ਰਚੂਨ ਚੋਰੀ ਲਈ ਜੁਰਮਾਨੇ ਵਧਾਉਣ ਲਈ ਹੈ। ਇਸ ਤੋਂ ਇਲਾਵਾ, ਇਹ ਖਾਸ ਜਿਨਸੀ ਅਪਰਾਧਾਂ ਨਾਲ ਸਬੰਧਤ ਸ਼ਰਤੀਆ ਸਜ਼ਾਵਾਂ ’ਤੇ ਪਾਬੰਦੀਆਂ ਲਗਾਏਗਾ।

ਰੋਸ਼ਨੀ, ਪ੍ਰਦਰਸ਼ਨਾਂ ਅਤੇ ਏਕਤਾ ਦੇ ਵਿ ?ਸ਼ਆਂ ਨਾਲ ਭਰਿਆ ਇਹ ਸਮਾਗਮ ਕਾਰਨੀ ਦੁਆਰਾ ਇੱਕ ਸੁਰੱਖਿਅਤ, ਵਧੇਰੇ ਸਮਾਵੇਸ਼ੀ ਕੈਨੇਡਾ ਨੂੰ ਉਤਸ਼ਾਹਿਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਸਮਾਪਤ ਹੋਇਆ - ਜੋ ਸੱਚਮੁੱਚ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦੇ ਦੀਵਾਲੀ ਸੰਦੇਸ਼ ਨੂੰ ਦਰਸਾਉਂਦਾ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025




Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025


# ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' 'ਚ ਮੁਸਲਮਾਨਾਂ ਦੀ ਕਿੰਨੀ ਥਾਂ, 100 ਸਾਲਾਂ 'ਚ ਬਦਲਦੇ ਸੰਘ ਮੁਖੀਆਂ ਨੇ ਕੀ ਕੁਝ ਬਦਲਿਆ



ਆਰਐੱਸਐੱਸ ਦੀ ਸਥਾਪਨਾ ਨੂੰ 100 ਸਾਲ ਮੁਕੰਮਲ ਹੋ ਚੁੱਕੇ ਹਨ, ਸੰਗਠਨ ਸ਼ੁਰੂਆਤ ਤੋਂ ਹੀ ਵਿਵਾਦਾਂ ਅਤੇ ਸਵਾਲਾਂ ਦੇ ਘਿਰੇ 'ਚ ਰਿਹਾ ਹੈ। ਇੱਕ ਸਵਾਲ ਤਾਂ ਅਕਸਰ ਹੀ ਉੱਠਦਾ ਰਿਹਾ ਹੈ ਕਿ ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' 'ਚ ਮੁਸਲਮਾਨਾਂ ਦੀ ਕੀ ਥਾਂ ਹੋਵੇਗੀ ? ਆਰਐੱਸਐੱਸ ਦੇ ਮੌਜੂਦਾ ਸਰਸੰਘਚਾਲਕ ਭਾਵ ਮੁਖੀ ਮੋਹਨ ਭਾਗਵਤ ਨੇ ਦਿੱਲੀ 'ਚ 26 ਅਗਸਤ ਨੂੰ ਇੱਕ ਸਮਾਗਮ ਦੌਰਾਨ ਇਸ ਮੁੱਦੇ 'ਤੇ ਆਪਣਾ ਨਜ਼ਰੀਆ ਪ੍ਰਗਟ ਕੀਤਾ। ਉਨ੍ਹਾਂ ਨੇ ਜੋ ਕੁਝ ਕਿਹਾ, ਉਸ ਤੋਂ ਇਹ ਹੀ ਸੰਕੇਤ ਮਿਲਦਾ ਸੀ ਕਿ ਭਾਰਤ 'ਚ ਇਸਲਾਮ ਦੀ ਪਛਾਣ ਹਿੰਦੂ ਸੱਭਿਆਚਾਰ ਤੋਂ ਵੱਖਰੀ ਨਹੀਂ ਹੈ। ਮੋਹਨ ਭਾਗਵਤ ਨੇ ਕਿਹਾ, ÷ਭਾਰਤੀਆਂ ਦਾ ਧਰਮ ਭਾਵੇਂ ਕੋਈ ਵੀ ਹੋਵੇ, ਪਰ ਉਹ ਸਾਰੇ ਆਪਣੇ ਪੁਰਖਿਆਂ ਦੀਆਂ ਸਾਂਝੀਆਂ ਰਿਵਾਇਤਾਂ ਨਾਲ ਜੁੜੇ ਹੋਏ ਹਨ ਅਤੇ ਅਖੰਡ ਭਾਰਤ 'ਚ 40 ਹਜ਼ਾਰ ਸਾਲ ਤੋਂ ਵੀ ਵੱਧ ਸਮੇਂ ਤੋਂ ਡੀਐੱਨਏ ਇੱਕ ਹੀ ਰਿਹਾ ਹੈ। ਸਾਲ 2021 'ਚ ਵੀ ਉਨ੍ਹਾਂ ਨੇ ਕਿਹਾ ਸੀ, ÷ਹਿੰਦੂ ਅਤੇ ਮੁਸਲਮਾਨ ਇੱਕੋਂ ਵੰਸ਼ ਨਾਲ ਸਬੰਧ ਰੱਖਦੇ ਹਨ। ਹਿੰਦੂ ਸ਼ਬਦ ਸਾਡੀ ਮਾਤ ਭੂਮੀ, ਪੁਰਖਿਆਂ ਅਤੇ ਸੱਭਿਆਚਾਰ ਦੀ ਅਮੀਰ ਵਿਰਾਸਤ ਦਾ ਸਮਾਨਾਰਥੀ ਹੈ ਅਤੇ ਹਰੇਕ ਭਾਰਤੀ ਹਿੰਦੂ ਹੈ।

**ਸੰਘਰਸ਼ ਅਤੇ ਵਿਰਾਸਤ**

ਪ੍ਰਸਿੱਧ ਲੇਖਕ ਅਤੇ ਸਿਆਸੀ ਵਿਸ਼ਲੇਸ਼ਕ ਏਜੀ ਨੂਰਾਨੀ ਨੇ ਆਪਣੀ ਕਿਤਾਬ 'ਦਿ ਆਰਐੱਸਐੱਸ, ਏ ਮੈਨੇਸ ਟੂ ਇੰਡੀਆ' 'ਚ ਲਿਖਿਆ ਹੈ, ÷ਅੰਗਰੇਜ਼ਾਂ ਦੇ ਵਿਰੁੱਧ 1857 ਦੇ ਵਿਦਰੋਹ 'ਚ ਮੁਸਲਮਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਸੀ। ਪਰ 19ਵੀਂ ਸਦੀ ਦੇ ਅਖ਼ੀਰ ਤੱਕ ਇਹ ਧਾਰਨਾ ਫੈਲਾਈ ਜਾਣ ਲੱਗੀ ਕਿ ਮੁਸਲਮਾਨ ਬਾਹਰੋਂ ਆਏ ਅਤੇ ਉਹ ਸਾਰੇ ਹਮਲਾਵਰ ਸਨ। ਆਜ਼ਾਦੀ ਘੁਲਾਟੀਏ ਅਸ਼ੋਕ ਮੇਹਤਾ ਨੇ ਲਿਖਿਆ ਹੈ, ÷1857 ਦੇ ਵਿਦਰੋਹ 'ਚ ਹਿੰਦੂ ਅਤੇ ਮੁਸਲਿਮ ਦੋਵਾਂ ਭਾਈਚਾਰਿਆਂ ਦੇ ਲੋਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਸੀ। ਇਹ ਕਿਸੇ ਇੱਕ ਭਾਈਚਾਰੇ ਦਾ ਵਿਦਰੋਹ ਨਹੀਂ ਸੀ, ਪਰ ਇਤਿਹਾਸਿਕ ਅਤੇ ਵਿਚਾਰਧਾਰਕ ਕਾਰਨਾਂ ਦੇ ਕਰਕੇ ਮੁਸਲਮਾਨ ਹਿੰਦੂਆਂ ਦੇ ਮੁਕਾਬਲੇ ਅੰਗਰੇਜ਼ਾਂ ਦੇ ਖ਼ ?ਲਾਫ਼ ਜ਼ਿਆਦਾ ਹਮਲਾਵਰ ਸਨ। ਇਸ ਲਈ ਹੀ ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਜ਼ਿਆਦਾ ਨਿਸ਼ਾਨਾ ਬਣਾਇਆ।÷ (1857: ਦਿ ਗ੍ਰੇਟ ਰਿਬੇਲੀਅਨ, 1946) ਹਿੰਦੂਤਵ ਦੇ ਇੱਕ ਪ੍ਰਮੁੱਖ ਵਿਚਾਰਧਾਰਕ ਸਾਵਰਕਰ ਨੇ ਆਪਣੀ ਕਿਤਾਬ 'ਦਿ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ ਆਫ਼ 1857' 'ਚ ਵਿਸਥਾਰ 'ਚ ਲਿਖਿਆ ਹੈ ਕਿ ਕਿਵੇਂ ਮੁਸਲਮਾਨ ਅਤੇ ਹਿੰਦੂ ਇੱਕਜੁੱਟ ਹੋ ਕੇ ਲੜੇ ਸਨ। ਸਾਵਰਕਰ ਨੇ ਇਸੇ ਕਿਤਾਬ 'ਚ ਲਿਖਿਆ ਹੈ, ÷ਮੌਲਵੀਆਂ ਨੇ ਉਨ੍ਹਾਂ ਨੂੰ ਤਾਲੀਮ ਦਿੱਤੀ, ਵਿਦਵਾਨ ਬ੍ਰਾਹਮਣਾਂ ਨੇ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੀ ਸਫ਼ਲਤਾ ਦੇ ਲਈ ਦਿੱਲੀ ਦੀਆਂ ਮਸਜਿਦਾਂ ਤੋਂ ਲੈ ਕੇ ਬਨਾਰਸ ਦੇ ਮੰਦਰਾਂ ਤੱਕ ਪ੍ਰਾਰਥਨਾਵਾਂ ਕੀਤੀਆਂ ਗਈਆਂ। ਸਵਧਰਮ ਅਤੇ ਸਵਰਾਜ ਦੇ ਸਿਧਾਂਤ ਨੂੰ ਅਪਣਾਇਆ ਗਿਆ। ਜਦੋਂ ਜਾਨ ਤੋਂ ਵੀ ਪਿਆਰੇ ਧਰਮ 'ਤੇ ਖ਼ਤਰਨਾਕ, ਵਿਨਾਸ਼ਕਾਰੀ, ਧੋਖਾਧੜੀ ਭਰਪੂਰ ਹਮਲਿਆਂ ਦੇ ਸੰਕੇਤ ਮਿਲੇ ਤਾਂ ਧਰਮ ਦੀ ਰੱਖਿਆ ਦੇ ਲਈ 'ਦੀਨ', 'ਦੀਨ' ਦੇ ਨਾਅਰਿਆਂ ਦੀ ਆਵਾਜ਼ ਸੁਣਾਈ ਦੇਣ ਲੱਗੀ। ਸਾਵਰਕਰ ਦੇ ਲੇਖਾਂ ਅਤੇ ਭਾਸ਼ਣਾਂ ਦਾ ਸੰਗ੍ਰਹਿ 1966 'ਚ ਵਿਜੈ ਚੰਦਰ ਜੋਸ਼ੀ ਵੱਲੋਂ ਸੰਪਾਦਿਤ ਕੀਤਾ ਗਿਆ ਸੀ ਅਤੇ ਇਹ ਸੰਗ੍ਰਹਿ ਜਲੰਧਰ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਸਾਵਰਕਰ ਨੇ ਕਿਹਾ ਸੀ, ÷ਜੇਕਰ ਕੋਈ ਇਸ ਦੇਸ਼ 'ਚ ਹਿੰਦੂ ਰਾਜ ਦਾ ਸੁਫਨਾ ਵੇਖਦਾ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਮੁਸਲਮਾਨਾਂ ਨੂੰ ਕੁਚਲ ਕੇ ਇੱਥੋਂ ਦੀ ਸਭ ਤੋਂ ਵੱਡੀ ਤਾਕਤ ਬਣ ਸਕਦੇ ਹਨ ਤਾਂ ਉਹ ਮੂਰਖ ਹਨ, ਕਹਿ ਸਕਦੇ ਹੋ ਕਿ ਪਾਗ਼ਲ ਹਨ। ਉਨ੍ਹਾਂ ਦਾ ਇਹ ਪਾਗ਼ਲਪਨ ਹਿੰਦੂਇਜ਼ਮ ਅਤੇ ਦੇਸ਼ ਦੋਵਾਂ ਨੂੰ ਹੀ ਤਬਾਹ ਕਰ ਦੇਵੇਗਾ। ਸਾਵਰਕਰ ਦੇ ਇਹ ਵਿਚਾਰ 1911 'ਚ ਉਨ੍ਹਾਂ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ ਹਨ। ਸਾਲ 1921 'ਚ ਸੈਲੂਲਰ ਜੇਲ੍ਹ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਹੀ ਮੁਸਲਮਾਨਾਂ ਪ੍ਰਤੀ ਸਾਵਰਕਰ ਦਾ ਨਵਾਂ ਨਜ਼ਰੀਆ ਸਾਹਮਣੇ ਆਉਣ ਲੱਗਾ ਸੀ, ਜਿਸ ਦੀ ਚਰਚਾ ਅਸੀਂ ਅੱਗੇ ਕਰਾਂਗੇ।

**ਆਰਐੱਸਐੱਸ ਦੀ ਸੋਚ 'ਚ ਮੁਸਲਮਾਨ**

ਆਰਐੱਸਐੱਸ ਦੇ ਦੂਜੇ ਸੰਘ ਮੁਖੀ (1940-1973 ਤੱਕ) ਅਤੇ ਸੰਘ ਪਰਿਵਾਰ 'ਚ 'ਗੁਰੂਜੀ' ਵਜੋਂ ਜਾਣੇ ਜਾਂਦੇ ਮਾਧਵ ਸਦਾਸ਼ਿਵ ਗੋਲਵਲਕਰ ਨੇ ਆਪਣੀ ਕਿਤਾਬ 'ਵੀ ਆਰ ਅਵਰ ਨੇਸ਼ਨਹੁੱਡ ਡਿਫਾਈਂਡ' 'ਚ ਲਿਖਿਆ ਹੈ, ÷ਚਤੁਰ ਅਤੇ ਪੁਰਾਤਣ ਦੇਸ਼ਾਂ ਦੇ ਤਜਰਬਿਆ ਤੋਂ ਸਾਬਤ ਹੁੰਦਾ ਹੈ ਕਿ ਹਿੰਦੁਸਤਾਨ 'ਚ ਵਿਦੇਸ਼ੀ ਨਸਲਾਂ ਨੂੰ ਹਿੰਦੂ ਸੱਭਿਆਚਾਰ ਅਤੇ ਭਾਸ਼ਾ ਨੂੰ ਅਪਣਾਉਣਾ ਹੋਵੇਗਾ। ਹਿੰਦੂ ਧਰਮ ਦਾ ਸਤਿਕਾਰ ਕਰਨਾ ਸਿੱਖਣਾ ਹੋਵੇਗਾ, ਹਿੰਦੂ ਧਰਮ ਪ੍ਰਤੀ ਆਸਥਾ ਰੱਖਣੀ ਹੋਵੇਗੀ, ਹਿੰਦੂ ਨਸਲ ਅਤੇ ਸੱਭਿਆਚਾਰ ਦੀ ਮਹਿਮਾ ਨੂੰ ਸਵੀਕਾਰ ਕਰਨਾ ਹੋਵੇਗਾ। ਇਸ ਤੋਂ ਇਲਾਵਾ ਆਪਣੀ ਵੱਖਰੀ ਪਛਾਣ ਨੂੰ ਖ਼ਤਮ ਕਰਕੇ ਖ਼ੁਦ ਨੂੰ ਹਿੰਦੂ ਨਸਲ 'ਚ ਮਿਲਣਾ ਹੋਵੇਗਾ। ਇਸੇ ਕਿਤਾਬ 'ਚ ਗੋਲਵਲਕਰ ਲਿਖਦੇ ਹਨ, ÷ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਇਸ ਹਿੰਦੂ ਰਾਸ਼ਟਰ ਦੇ ਅਧੀਨ ਰਹਿਣਾ ਪਵੇਗਾ। ਇਸ 'ਚ ਉਹ ਕਿਸੇ ਵੀ ਚੀਜ਼ 'ਤੇ ਆਪਣਾ ਹੱਕ ਨਹੀਂ ਮੰਗਣਗੇ ਅਤੇ ਉਨ੍ਹਾਂ ਨੂੰ ਕੋਈ ਵੀ ਵਿਸ਼ੇਸ਼ ਅਧਿਕਾਰ ਨਹੀਂ ਮਿਲੇਗਾ। ਕਿਸੇ ਵੀ ਤਰ੍ਹਾਂ ਦੀ ਤਰਜੀਹ ਹਾਸਲ ਨਹੀਂ ਹੋਵੇਗੀ ਅਤੇ ਇੱਥੋਂ ਤੱਕ ਕਿ ਨਾਗਰਿਕਾਂ ਦੇ ਅਧਿਕਾਰ ਵੀ ਨਹੀਂ ਮਿਲਣਗੇ। ਉਨ੍ਹਾਂ ਲਈ ਇਸ ਤੋਂ ਇਲਾਵਾ ਨਾ ਕੋਈ ਹੋਰ ਰਾਹ ਹੈ ਅਤੇ ਨਾ ਹੀ ਹੋਣਾ ਚਾਹੀਦਾ ਹੈ। ਅਸੀਂ ਇੱਕ ਪ੍ਰਾਚੀਨ ਕੌਮ ਹਾਂ ਅਤੇ ਸਾਨੂੰ ਆਪਣੇ ਦੇਸ਼ 'ਚ ਰਹਿ ਰਹੀਆਂ ਵਿਦੇਸ਼ੀ ਨਸਲਾਂ ਦੇ ਨਾਲ ਉਸੇ ਤਰ੍ਹਾਂ ਹੀ ਪੇਸ਼ ਆਉਣਾ ਚਾਹੀਦਾ ਹੈ।÷ (ਵੀ ਆਰ ਅਵਰ ਨੇਸਨਹੁੱਡ ਡਿਫਾਈਂਡ, ਭਾਰਤ ਪ੍ਰਕਾਸ਼ਨ ਨਾਗਪੁਰ, 1939, ਪੰਨਾ 47-48) ਇਸੇ ਕਿਤਾਬ ਦੇ ਪੰਨਾ 35 'ਚ ਗੋਲਵਲਕਰ ਲਿਖਦੇ ਹਨ, ÷ਆਪਣੀ ਨਸਲ ਅਤੇ ਸੱਭਿਆਚਾਰ ਦੀ ਸ਼ੁੱਧਤਾ ਕਾਇਮ ਰੱਖਣ ਲਈ ਜਰਮਨੀ ਨੇ ਯਹੂਦੀਆਂ ਨੂੰ ਬਾਹਰ ਕੱਢ ਕੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ। ਜਰਮਨੀ 'ਚ ਨਸਲੀ ਮਾਣ ਆਪਣੇ ਸਿਖ਼ਰ 'ਤੇ ਸੀ। ਜਰਮਨੀ ਨੇ ਇਹ ਵੀ ਦਿਖਾਇਆ ਕਿ ਨਸਲਾਂ ਅਤੇ ਸੱਭਿਆਚਾਰ ਵਿਚਾਲੇ ਮੌਜੂਦ ਬੁਨਿਆਦੀ ਪਾੜੇ ਨੂੰ ਪੂਰਨਾ ਅਸੰਭਵ ਹੈ। ਹਿੰਦੁਸਤਾਨ ਦੇ ਲਈ ਇਹ ਇੱਕ ਵਧੀਆ ਸਬਕ ਹੈ, ਜਿਸ ਤੋਂ ਉਸ ਨੂੰ ਸਿੱਖਣਾ ਚਾਹੀਦਾ ਹੈ ਅਤੇ ਫਾਇਦਾ ਚੁੱਕਣਾ ਚਾਹੀਦਾ ਹੈ।

ਖ਼ਲਾਫ਼ਤ ਅੰਦੋਲਨ ਦਾ ਦੋਰਾਹਾ

ਸਾਲ 1920 'ਚ ਕਾਂਗਰਸ ਦੀ ਵਾਗਡੋਰ ਗਾਂਧੀ ਨੇ ਸੰਭਾਲੀ। ਉਸ ਸਮੇਂ ਆਟੋਮੈਨ ਸਾਮਰਾਜ ਦਾ ਅੰਤ ਹੋਇਆ ਅਤੇ ਖ਼ ?ਲਾਫ਼ਤ ਪ੍ਰਣਾਲੀ ਵੀ ਖ਼ਤਮ ਹੋਈ। ਇਸ ਸਬੰਧੀ ਦੁਨੀਆਂ ਭਰ ਦੇ ਮੁਸਲਮਾਨਾਂ 'ਚ ਰੋਸ ਦੀ ਲਹਿਰ ਦੌੜੀ ਅਤੇ ਭਾਰਤ ਦੇ ਮੁਸਲਮਾਨ ਖ਼ ?ਲਾਫ਼ਤ ਅੰਦੋਲਨ ਕਰ ਰਹੇ ਸਨ। ਇਸ ਦੌਰ ਦੇ ਸਬੰਧ 'ਚ 'ਗੋਲਵਲਕਰ ਦਿ ਮਿੱਥ ਬਿਹਾਈਂਡ ਦਿ ਮੈਨ, ਦਿ ਮੈਨ ਬਿਹਾਈਂਡ ਦਿ ਮਸ਼ੀਨ' ਦੇ ਲੇਖਕ ਧੀਰੇਂਦਰ ਕੁਮਾਰ ਝਾਅ ਕਹਿੰਦੇ ਹਨ, ÷ਉਸ ਸਮੇਂ ਹਿੰਦੂਆਂ ਨੂੰ ਗਣੇਸ਼ ਪੂਜਾ ਵਰਗੇ ਧਾਰਮਿਕ ਸਮਾਗਮਾਂ ਦੇ ਜ਼ਰੀਏ ਲਾਮਬੰਦ ਕੀਤਾ ਜਾ ਰਿਹਾ ਸੀ, ਭਾਵ ਬਸਤੀਵਾਦ ਦੇ ਵਿਰੁੱਧ ਲਾਮਬੰਦੀ ਦਾ ਜ਼ਰੀਆ ਧਰਮ ਬਣ ਰਿਹਾ ਸੀ। ਗਾਂਧੀ ਦੀ ਅਗਵਾਈ 'ਚ ਭਾਰਤ ਦੇ ਰਾਸ਼ਟਰਵਾਦੀ ਬਸਤੀਵਾਦ ਦੇ ਖ਼ ?ਲਾਫ਼ ਅੰਦੋਲਨ ਸ਼ੁਰੂ ਕਰਨ ਲਈ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕਠਾ ਕਰਨਾ ਚਾਹੁੰਦੇ ਸਨ, ਇਸ ਲਈ ਉਹ ਖ਼ ?ਲਾਫ਼ਤ ਅੰਦੋਲਨ ਦੀ ਹਿਮਾਇਤ ਕਰ ਰਹੇ ਸਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਆਰਐੱਸਐੱਸ ਅਜੇ ਹੋਂਦ 'ਚ ਨਹੀਂ ਆਇਆ ਸੀ, ਅਤੇ ਕੇਸ਼ਵ ਬਲੀਰਾਮ ਹੇਡਗੇਵਾਰ ਕਾਂਗਰਸ ਦਾ ਹੀ ਹਿੱਸਾ ਸਨ। ਉਹ ਖ਼ ?ਲਾਫਤ ਅੰਦੋਲਨ ਦਾ ਸਮਰਥਨ ਕਰਨ ਦੇ ਵਿਰੁੱਧ ਸਨ। ਆਰਐੱਸਐੱਸ ਦੇ ਗਠਨ ਤੋਂ ਇੱਕ ਸਾਲ ਪਹਿਲਾਂ 1924 'ਚ ਹੇਡਗੇਵਾਰ ਵਰਧਾ ਸਥਿਤ ਆਸ਼ਰਮ 'ਚ ਗਾਂਧੀ ਨੂੰ ਮਿਲਣ ਲਈ ਗਏ ਸਨ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਕਾਂਗਰਸ ਦੀਆਂ ਨੀਤੀਆਂ 'ਤੇ ਵਿਚਾਰ ਵਟਾਂਦਰਾ ਕੀਤਾ। ਇਸ ਮੀਟਿੰਗ ਦਾ ਵੇਰਵਾ ਹੇਡਗੇਵਾਰ ਦੇ ਨਜ਼ਦੀਕੀ ਮਿੱਤਰ ਅੱਪਾਜੀ ਜੋਸ਼ੀ ਨੇ 'ਤਰੁਣ ਭਾਰਤ' 'ਚ 5 ਮਈ1970 ਨੂੰ ਦਿੱਤਾ ਸੀ। ਖ਼ ?ਲਾਫ਼ਤ ਅੰਦੋਲਨ ਨੂੰ ਸਮਰਥਨ ਦੇਣ ਦੇ ਗਾਂਧੀ ਦੇ ਫੈਸਲੇ ਤੋਂ ਹੇਡਗੇਵਾਰ ਅਸਿਹਮਤ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਇਸ ਨਾਲ ਮੁਸਲਮਾਨਾਂ 'ਚ ਵੱਖਵਾਦੀ ਭਾਵਨਾਵਾਂ ਦਾ ਜਨਮ ਹੋ ਰਿਹਾ ਹੈ। ਧੀਰੇਂਦਰ ਝਾਅ ਕਹਿੰਦੇ ਹਨ, ÷ਪਹਿਲਾ ਜਨ ਅੰਦੋਲਨ ਗਾਂਧੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੀ ਏਕਤਾ 'ਤੇ ਖੜ੍ਹਾ ਕਰ ਦਿੱਤਾ। ਅੰਗਰੇਜ਼ ਪਰੇਸ਼ਾਨ ਸਨ ਕਿ ਹੁਣ ਇਸ ਨੂੰ ਕਿਵੇਂ ਭੰਗ ਕੀਤਾ ਜਾਵੇ। 1920 ਦੇ ਆਪਣੇ ਮੁਆਫ਼ੀਨਾਮੇ 'ਚ ਸਾਵਰਕਰ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਮੁਸਲਮਾਨ ਸਾਡੇ ਦੋਵਾਂ ਦੇ ਸਾਂਝੇ ਦੁਸ਼ਮਣ ਹਨ। ਉਸ ਤੋਂ ਬਾਅਦ ਉਹ ਅੰਡੇਮਾਨ ਤੋਂ ਮੇਨਲੈਂਡ ਦੀ ਜੇਲ੍ਹ 'ਚ ਆਏ। ਜੇਲ੍ਹ 'ਚ ਹੀ ਉਨ੍ਹਾਂ ਨੇ ਆਪਣੀ ਕਿਤਾਬ 'ਹਿੰਦੂਤਵ' ਲਿਖੀ, ਜਿਸ ਤੋਂ ਬਾਅਦ ਉਹ ਜੇਲ੍ਹ ਤੋਂ ਬਾਹਰ ਆਏ।÷

**ਪਵਿੱਤਰ ਭੂਮੀ ਪ੍ਰਤੀ ਵਫ਼ਾਦਾਰੀ**

ਸਾਵਰਕਰ ਨੇ ਹੀ 'ਜਨਮਭੂਮੀ' ਅਤੇ 'ਪਵਿੱਤਰ ਭੂਮੀ' ਦੀ ਧਾਰਨਾ ਦਿੱਤੀ ਅਤੇ ਕਿਹਾ ਕਿ ਮੁਸਲਮਾਨਾਂ ਦੀ ਵਫ਼ਾਦਾਰੀ ਵੰਡੀ ਹੋਈ ਹੈ ਕਿਉਂਕਿ ਉਨ੍ਹਾਂ ਦੀ 'ਪਵਿੱਤਰ ਭੂਮੀ' ਤਾਂ ਕੋਈ ਹੋਰ ਹੈ। ਧੀਰੇਂਦਰ ਝਾਅ ਕਹਿੰਦੇ ਹਨ, ÷ਇਹ ਸਿਧਾਂਤ ਇਸ ਲਈ ਦਿੱਤਾ ਗਿਆ ਤਾਂ ਜੋ ਹਿੰਦੂਆਂ ਨੂੰ ਸਮਝਾਇਆ ਜਾ ਸਕੇ ਕਿ ਮੁਸਲਮਾਨ ਸਾਡੇ ਆਪਣੇ ਨਹੀਂ ਹਨ ਅਤੇ ਸਾਨੂੰ ਪਹਿਲਾਂ ਉਨ੍ਹਾਂ ਦੇ ਖ਼ ?ਲਾਫ਼ ਲਾਮਬੰਦ ਹੋਣ ਦੀ ਜ਼ਰੂਰਤ ਹੈ। ਧੀਰੇਂਦਰ ਝਾਅ ਕਹਿੰਦੇ ਹਨ, ÷ਵੰਡੀਆਂ ਹੋਈਆਂ ਵਫ਼ਾਦਾਰੀਆਂ ਕੀ ਹੁੰਦੀਆਂ ਹਨ ? ਅਮਰੀਕਾ, ਯੂਰਪ ਅਤੇ ਹੋਰ ਦੇਸ਼ਾਂ 'ਚ ਜੋ ਹਿੰਦੂ ਹਨ, ਕੀ ਉਨ੍ਹਾਂ ਦੀ ਵਫ਼ਾਦਾਰੀ ਵੰਡੀ ਹੋਈ ਹੈ ? ਕੀ ਰਿਸ਼ੀ ਸੁਨਕ ਬ੍ਰਿਟੇਨ ਪ੍ਰਤੀ ਵਫ਼ਾਦਾਰ ਨਹੀਂ ਸਨ ? ਦਿੱਲੀ ਯੂਨੀਵਰਸਿਟੀ 'ਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਅਤੇ ਆਰਐੱਸਐੱਸ ਨਾਲ ਜੁੜੇ ਪ੍ਰੋਫ਼ੈਸਰ ਸੰਗੀਤ ਰਾਗੀ ਇਸ ਸਵਾਲ 'ਤੇ ਕਹਿੰਦੇ ਹਨ, ÷ਹਿੰਦੂਆਂ ਅਤੇ ਮੁਸਲਮਾਨਾਂ 'ਚ ਅੰਤਰ ਹੈ। ਕੀ ਕਿਸੇ ਦੇਸ਼ 'ਚ ਹਿੰਦੂਆਂ ਨੇ ਧਾਰਮਿਕ ਕੱਟੜਤਾ ਦਾ ਪ੍ਰਦਰਸ਼ਨ ਕੀਤਾ ? ਕੀ ਉਨ੍ਹਾਂ ਨੇ ਪੈਨ ਹਿੰਦੂਵਾਦ ਦੀ ਗੱਲ ਕੀਤੀ ? ਇਸ ਦਾ ਜਵਾਬ ਨਹੀਂ ਹੈ। ਪਰ ਭਾਰਤ ਦੇ ਮੁਸਲਮਾਨ ਕੀ ਪੈਨ ਇਸਲਾਮ ਦੀ ਗੱਲ ਨਹੀਂ ਕਰਦੇ ਹਨ ? ਤੁਰਕੀ ਦੇ ਮੁੱਦੇ 'ਤੇ ਭਾਰਤ 'ਚ ਖਿਲਾਫ਼ਤ ਅੰਦੋਲਨ ਦੀ ਕੀ ਲੋੜ ਸੀ ?

## 'ਵਿਭਾਜਿਤ ਨਿਸ਼ਠਾ' ਦੀ ਦਲੀਲ

ਗੱਲ ਸਿਰਫ਼ ਗੋਲਵਲਕਰ ਦੀ ਹੀ ਨਹੀਂ ਸੀ ਸਗੋਂ 'ਹਿੰਦੂਤਵ' ਦੀ ਵਿਚਾਰਧਾਰਾ ਦੇ ਜਨਮਦਾਤਾ ਮੰਨੇ ਜਾਣ ਵਾਲੇ ਵਿਨਾਇਕ ਦਾਮੋਦਰ ਸਾਵਰਕਰ ਵੀ ਜਰਮਨੀ 'ਚ ਨਾਜ਼ੀਵਾਦ ਦਾ ਸਮਰਥਨ ਕਰ ਰਹੇ ਸਨ। 1 ਅਗਸਤ 1938 ਨੂੰ ਪੁਣੇ 'ਚ ਇੱਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਸਾਵਰਕਰ ਨੇ ਕਿਹਾ ਸੀ, ÷ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਦੀ ਰਾਹ 'ਤੇ ਚੱਲਣ ਦਾ ਪੂਰਾ ਹੱਕ ਹੈ। ਇਨ੍ਹਾਂ ਦੋਵਾਂ ਦੇਸ਼ਾਂ 'ਚ ਹਾਲਾਤ ਸਨ, ਉਨ੍ਹਾਂ ਦੇ ਮੱਦੇਨਜ਼ਰ ਇਹ ਸਥਿਤੀ ਸਹੀ ਅਤੇ ਉਨ੍ਹਾਂ ਦੇ ਹੱਕ 'ਚ ਸੀ।÷ (ਸਾਵਰਕਰ ਪੇਪਰਸ ਐਮ-23 ਪਾਰਟ-2 ਮਿਸਲੇਨਿਅਸ ਕਾਰਸਪੋਂਡੈਂਸ, ਜਨਵਰੀ-1938, ਮਈ-1939, ਮਾਈਕਰੋ ਫਿਲਮਜ਼ ਸੈਕਸ਼ਨ, ਦਿੱਲੀ) ਦੂਜੇ ਪਾਸੇ, ਨਹਿਰੂ ਜਰਮਨੀ 'ਚ ਨਾਜ਼ੀਵਾਦ ਅਤੇ ਇਟਲੀ 'ਚ ਫਾਸੀਵਾਦ ਦੇ ਖ਼ ?ਲਾਫ਼ ਬੋਲ ਰਹੇ ਸਨ। ਸਾਵਰਕਰ ਨੇ ਕਿਹਾ ਸੀ, ÷ਅਸੀਂ ਜਰਮਨੀ, ਜਾਪਾਨ, ਰੂਸ ਅਤੇ ਇਟਲੀ ਨੂੰ ਦੱਸਣ ਵਾਲੇ ਕੌਣ ਹੁੰਦੇ ਹਾਂ ਕਿ ਉਹ ਕਿਹੜੀ ਪ੍ਰਣਾਲੀ ਨੂੰ ਅਪਣਉਣ ? ਕੀ ਅਸੀਂ ਅਜਿਹਾ ਸਿਰਫ਼ ਅਕਾਦਮਿਕ ਰੁਝਾਨ ਦੇ ਆਧਾਰ 'ਤੇ ਕਹਿ ਸਕਦੇ ਹਾਂ ? ਯਕੀਨਨ ਹਿਟਲਰ ਨੂੰ ਪੰਡਿਤ ਨਹਿਰੂ ਨਾਲੋਂ ਜ਼ਿਆਦਾ ਪਤਾ ਹੈ ਕਿ ਜਰਮਨੀ ਲਈ ਕੀ ਚੰਗਾ ਹੈ। ਨਾਜ਼ੀਵਾਦ ਅਤੇ ਫਾਸ਼ੀਵਾਦ ਤੋਂ ਬਾਅਦ ਜਿਸ ਤਰ੍ਹਾਂ ਨਾਲ ਜਰਮਨੀ ਅਤੇ ਇਟਲੀ ਤਾਕਤਵਰ ਬਣੇ, ਉਹ ਇਹ ਸਾਬਤ ਕਰਨ ਲਈ ਕਾਫ਼ੀ ਹੈ ਕਿ ਇਹ ਰਾਜਨੀਤਿਕ ਵਿਚਾਰਧਾਰਾਵਾਂ ਉਨ੍ਹਾਂ ਦੀ ਸਿਹਤ ਲਈ ਸਭ ਤੋਂ ਮਹੱਤਵਪੂਰਨ ਟੌਨਿਕ (ਦਵਾਈ) ਸਨ।÷ (ਸਾਵਰਕਰ ਪੇਪਰਜ਼, ਮਈ 1937- ਮਈ 1938) ਆਰਐੱਸਐੱਸ ਦੇ ਇਤਿਹਾਸਕ ਪਿਛੋਕੜ 'ਤੇ ਕਈ ਕਿਤਾਬਾਂ ਲਿਖ ਚੁੱਕੇ ਪ੍ਰੋਫ਼ੈਸਰ ਸ਼ਮਸੁਲ ਇਸਲਾਮ ਦਾ ਕਹਿਣਾ ਹੈ, ਸਾਵਰਕਰ ਜਰਮਨੀ 'ਚ ਨਾਜ਼ੀਵਾਦ ਦਾ ਸਮਰਥਨ ਕਰਕੇ ਭਾਰਤ 'ਚ ਘੱਟ ਗਿਣਤੀਆਂ ਪ੍ਰਤੀ ਆਪਣੇ ਵਿਚਾਰ ਹੀ ਪ੍ਰਗਟ ਕਰ ਰਹੇ ਸਨ। 14 ਅਕਤੂਬਰ 1938 ਨੂੰ ਸਾਵਰਕਰ ਨੇ ਮਾਲੇਗਾਓਂ 'ਚ ਇੱਕ ਭਾਸ਼ਣ 'ਚ ਕਿਹਾ ਸੀ, ÷ਇੱਕ ਰਾਸ਼ਟਰ ਉੱਥੇ ਰਹਿ ਰਹੇ ਬਹੁਗਿਣਤੀ ਲੋਕਾਂ ਤੋਂ ਬਣਦਾ ਹੈ। ਜਰਮਨੀ 'ਚ ਯਹੂਦੀ ਕੀ ਕਰ ਰਹੇ ਸਨ ? ਘੱਟ ਗਿਣਤੀ ਹੋਣ ਦੇ ਕਾਰਨ ਉਨ੍ਹਾਂ ਨੂੰ ਜਰਮਨੀ ਦੀ ਸਰਜ਼ਮੀਨ ਤੋਂ ਬਾਹਰ ਕਰ ਦਿੱਤਾ ਗਿਆ।÷ (ਮਹਾਰਾਸ਼ਟਰ ਸਟੇਟ ਪੁਰਾਲੇਖ ਮੁਬੰਈ) ਸਾਵਰਕਰ ਨੇ 'ਹਿੰਦੂਤਵ: ਹੂ ਇਜ਼ ਅ ਹਿੰਦੂ' 'ਚ ਲਿਖਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ 'ਜ਼ਬਰਦਸਤੀ ਗ਼ੈਰ-ਹਿੰਦੂ ਧਰਮਾਂ 'ਚ ਤਬਦੀਲ ਕੀਤਾ ਗਿਆ, ਉਨ੍ਹਾਂ ਦੀ ਜਨਮਭੂਮੀ ਵੀ ਇਹ ਹੀ ਹੈ ਅਤੇ ਸੱਭਿਆਚਾਰ ਦਾ ਵੱਡਾ ਹਿੱਸਾ ਵੀ ਇੱਕੋ ਜਿਹਾ ਹੈ, ਪਰ ਫਿਰ ਵੀ ਉਨ੍ਹਾਂ ਨੂੰ ਹਿੰਦੂ ਨਹੀਂ ਮੰਨਿਆ ਜਾ ਸਕਦਾ ਹੈ। ਹਾਲਾਂਕਿ ਹਿੰਦੂਆਂ ਦੀ ਤਰ੍ਹਾਂ ਹੀ ਉਨ੍ਹਾਂ ਦੀ ਵੀ ਜਨਮਭੂਮੀ ਹਿੰਦੁਸਤਾਨ ਹੀ ਹੈ, ਪਰ ਕਰਮਭੂਮੀ ਨਹੀਂ ਹੈ। ਉਨ੍ਹਾਂ ਦੀ ਪਵਿੱਤਰ ਭੂਮੀ ਦੂਰ ਵੱਸਦਾ ਅਰਬ ਦੇਸ਼ ਹੈ। ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੇ ਧਾਰਮਿਕ ਆਗੂ, ਵਿਚਾਰ ਅਤੇ ਨਾਇਕ ਇੱਕ ਮਿੱਟੀ ਦੀ ਉਪਜ ਨਹੀਂ ਹਨ। ਅਜਿਹੀ ਸਥਿਤੀ 'ਚ ਉਨ੍ਹਾਂ ਦੇ ਨਾਮ ਅਤੇ ਦ੍ਰਿਸ਼ਟੀਕੋਣ ਮੂਲ ਰੂਪ 'ਚ ਵਿਦੇਸ਼ੀ ਹਨ। ਉਨ੍ਹਾਂ ਦੀ ਮੁਹੱਬਤ ਵੰਡੀ ਹੋਈ ਹੈ।÷

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 325
Website: www.preetnama.com Email preetnamausa@gmail.com
24 OCT TO 30 OCT, 2025

# ਉਸ ਸ਼ਖ਼ਸ ਦੀ ਕਹਾਣੀ ਜਿਸ ਨੇ ਅਮਰੀਕਾ ਵਿੱਚ 40 ਸਾਲ ਮੌਤ ਦੀ ਸਜ਼ਾ ਉਸ ਅਪਰਾਧ ਲਈ ਕੱਟੀ ਜੋ ਉਸ ਨੇ ਕੀਤਾ ਹੀ ਨਹੀਂ ਸੀ



ਕੀੜੀਆਂ ਨੂੰ ਗਿਣਨਾ, ਮੱਖੀਆਂ ਨੂੰ ਉੱਡਦੇ ਦੇਖਣਾ, ਆਪਣੇ ਨਹੁੰਆਂ ਨਾਲ ਕੰਧ ਨੂੰ ਖੁਰਚਣਾ, ਗਾਉਣਾ। 20 ਸਾਲਾਂ ਤੋਂ ਵੱਧ ਸਮੇਂ ਤੋਂ ਤੱਕ ਸੀਜ਼ਰ ਫਿਏਰੋ ਤਕਰੀਬਨ ਇਹ ਹੀ ਕਰ ਰਹੇ ਸਨ। ਉੱਤਰੀ ਮੈਕਸੀਕੋ ਦੇ ਸਰਹੱਦੀ ਸ਼ਹਿਰ ਸਿਉਦਾਦ ਜੁਆਰੇਜ਼ ਵਿੱਚ ਜਨਮੇ, 69 ਸਾਲਾ ਬਜ਼ੁਰਗ ਨੇ ਚਾਰ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾਇਆ ਅਤੇ ਅਮਰੀਕਾ ਦੇ ਟੈਕਸਸ ਵਿੱਚ ਉਨ੍ਹਾਂ ਦੇ ਅਪਰਾਧ ਲਈ ਮੌਤ ਦੀ ਸਜ਼ਾ ਸੁਣਾਈ ਜੋ ਅਸਲ ਵਿੱਚ ਉਨ੍ਹਾਂ ਨੇ ਨਹੀਂ ਕੀਤਾ ਸੀ। ਉਸ ਸਜ਼ਾ ਦਾ ਅੱਧਾ ਹਿੱਸਾ ਇਕਾਂਤ ਕੈਦ ਵਿੱਚ ਕੱਟਿਆ ਗਿਆ। ਮੈਕਸੀਕੋ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਸੀਐੱਨਡੀਐੱਚ) ਮੁਤਾਬਕ, 1980 ਦੇ ਦਹਾਕੇ ਦੇ ਸ਼ੁਰੂ ਵਿੱਚ, ਫਿਏਰੋ ਜੋ ਉਸ ਸਮੇਂ ਐਲ ਪਾਸੋ ਵਿੱਚ ਮਿਰਚਾਂ ਚੁੱਕਣ ਵਾਲਾ ਕੰਮ ਕਰਦੇ ਸਨ, ਨੂੰ ਪੁਲਿਸ ਅਧਿਕਾਰੀਆਂ ਦੇ ਇੱਕ ਗਰੁੱਪ ਨੇ ਇੱਕ ਟੈਕਸੀ ਡਰਾਈਵਰ ਦੇ ਕਤਲ ਦੇ ਇਕਬਾਲੀਆ ਬਿਆਨ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਸੀ। ਉਹ ਦਾਅਵਾ ਕਰਦਾ ਹੈ ਕਿ ਜੇਲ੍ਹ ਵਿੱਚ ਉਨ੍ਹਾਂ ਨੇ ਦੁਰਵਿਵਹਾਰ ਸਹਿਣ ਕੀਤਾ ਅਤੇ ਉਨ੍ਹਾਂ ਤਸੀਹਿਆਂ ਨੂੰ ਸਹਿਣ ਕੀਤਾ ਜੋ ਇਕੱਲਤਾ ਮਨ ਅਤੇ ਸਰੀਰ 'ਤੇ ਛੱਡਦੀ ਹੈ। ਉਨ੍ਹਾਂ ਨੇ ਮੈਕਸੀਕੋ ਸਿਟੀ ਵਿੱਚ ਇੱਕ ਇਮਾਰਤ ਦੀ ਛੱਤ 'ਤੇ ਆਪਣੇ ਛੋਟੇ ਜਿਹੇ ਅਪਾਰਟਮੈਂਟ ਤੋਂ ਬੀਬੀਸੀ ਨਿਊਜ਼ ਮੁੰਡੋ ਨਾਲ ਇੱਕ ਇੰਟਰਵਿਊ ਵਿੱਚ ਅਫ਼ਸੋਸ ਜ਼ਾਹਰ ਕੀਤਾ। ਇਨਸਾਫ਼ ਨੇ ਮੇਰਾ ਸਭ ਕੁਝ ਖੋਹ ਲਿਆ। ਜੇ ਇਹ ਮੇਰੇ ਨਾਲ ਹੋਇਆ, ਤਾਂ ਇਹ ਕਿਸੇ ਨਾਲ ਵੀ ਹੋ ਸਕਦਾ ਹੈ। ਮੈਂ ਆਜ਼ਾਦ ਹਾਂ, ਪਰ ਮੇਰੇ ਕੋਲ ਜੀਣ ਲਈ ਬਹੁਤਾ ਸਮਾਂ ਨਹੀਂ ਬਚਿਆ ਹੈ। ਉਨ੍ਹਾਂ ਨੂੰ 2020 ਵਿੱਚ ਰਿਹਾਅ ਕੀਤਾ ਗਿਆ ਸੀ। ਉਸੇ ਸਾਲ, ਫਿਲਮ ਨਿਰਮਾਤਾ ਸੈਂਟੀਆਗੋ ਐਸਟੀਨੋ ਨਾਲ ਮਿਲ ਕੇ ਉਨ੍ਹਾਂ ਨੇ ਲਾ ਲਿਬਰੇਟਿਡ ਡੀ ਫਿਏਰੋ (2024) 'ਤੇ ਕੰਮ ਕਰਨਾ ਸ਼ੁਰੂ ਕੀਤਾ, ਜੋ ਕਿ ਜੇਲ੍ਹ ਤੋਂ ਬਾਹਰ ਦੀ ਜ਼ਿੰਦਗੀ ਵਿੱਚ ਘੁੱਲ-ਮਿਲ ਬਾਰੇ ਬਣੀ ਇੱਕ ਦਸਤਾਵੇਜ਼ੀ ਫ਼ਿਲਮ ਸੀ। ਇਸ ਦਾ ਪ੍ਰੀਮੀਅਰ ਇਸੇ ਸਾਲ 10 ਅਕਤੂਬਰ ਨੂੰ ਮੈਕਸੀਕਨ ਸਿਨੇਮਾਘਰਾਂ ਵਿੱਚ ਹੋਇਆ ਸੀ ਅਤੇ ਪਹਿਲਾਂ ਟੋਰਾਂਟੋ ਫਿਲਮ ਫੈਸਟੀਵਲ ਵਿੱਚ ਦਿਖਾਇਆ ਗਈ ਸੀ। ਇਸ ਦਾ ਇੱਕ ਹੋਰਸੀਕਵਲ ਲੋਸ ਐਨੋਸ ਡੀ ਫਿਏਰੋ ਸਾਲ 2014 ਦੀ ਕਹਾਣੀ ਦਰਸਾਉਂਦਾ ਹੈ, ਜੋ ਉਨ੍ਹਾਂ ਦੇ ਕਾਨੂੰਨੀ ਕੇਸ ਨੂੰ ਬਿਆਨ ਕਰਦੀ ਹੈ ਅਤੇ ਇਸਦਾ ਨਿਰਦੇਸ਼ਨ ਵੀ ਐਸਟੀਨੋ ਨੇ ਹੀ ਕੀਤਾ ਸੀ। ਦੋਵੇਂ ਫਿਲਮਾਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਫਿਏਰੋ ਅਜੇ ਵੀ ਸਿਉਦਾਦ ਜੁਆਰੇਜ਼ ਅਤੇ ਐਲ ਪਾਸੋ ਦੇ ਅਧਿਕਾਰੀਆਂ ਤੋਂ ਮਾਫ਼ੀ ਦੀ ਉਡੀਕ ਕਰ ਰਹੇ ਹਨ, ਜਿਨ੍ਹਾਂ ਨੇ ਇਸ ਆਉਟਲੈਟ ਤੋਂ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਹੁਣ ਇਹ ਮੈਕਸੀਕਨ, ਵਿੱਤੀ ਸਹਾਰੇ ਲਈ ਇੱਕ ਸਹਾਇਤਾ ਨੈੱਟਵਰਕ ਬਣਾਉਣ ਅਤੇ ਆਪਣੀ ਸਿਹਤ ਨੂੰ ਠੀਕ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਇਹ ਉਨ੍ਹਾਂ ਦੀ ਕਹਾਣੀ ਹੈ।

**ਇਕਬਾਲ ਕਰਨਾ**

ਫਰਵਰੀ 1979 ਵਿੱਚ ਐਲ ਪਾਸੋ ਪੁਲਿਸ ਨੂੰ ਮੈਕਸੀਕਨ ਸਰਹੱਦ ਦੇ ਨੇੜੇ ਟੈਕਸੀ ਡਰਾਈਵਰ ਨਿਕੋਲਸ ਕਾਸਟਾਨੋਨ ਦੀ ਲਾਸ਼ ਮਿਲੀ। ਉਸ ਨੂੰ ਗੋਲੀ ਲੱਗੀ ਹੋਈ ਸੀ। ਅਪਰਾਧ ਤੋਂ ਪੰਜ ਮਹੀਨੇ ਬਾਅਦ, ਸੀਜ਼ਰ ਫਿਏਰੋ ਨੂੰ ਟੈਕਸਸ ਸ਼ਹਿਰ ਦੀ ਇੱਕ ਜੇਲ੍ਹ ਵਿੱਚ ਆਪਣੇ ਇੱਕ ਭਰਾ ਨੂੰ ਮਿਲਣ ਜਾਂਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਜੇਲ੍ਹ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ, ਜਿਸ ਤੋਂ ਉਹ ਇਨਕਾਰ ਕਰਦੇ ਹਨ। ਉਨ੍ਹਾਂ ਨੇ ਬੀਬੀਸੀ ਮੁੰਡੋ ਨੂੰ ਦੱਸਿਆ, ÷ਉਨ੍ਹਾਂ ਨੇ ਮੇਰੀ ਜਾਂਚ ਕੀਤੀ ਅਤੇ ਕੁਝ ਨਹੀਂ ਮਿਲਿਆ। ਹਾਲੇ ਉਹ ਟੈਕਸਸ ਵਿੱਚ ਹੀ ਸਨ ਅਜੇ ਪੁਲਿਸ ਹਿਰਾਸਤ ਵਿੱਚ ਸਨ ਜਦੋਂ ਉਨ੍ਹਾਂ 'ਤੇ ਟੈਕਸੀ ਡਰਾਈਵਰ ਦੇ ਕਤਲ ਦੇ ਇਕਬਾਲੀਆ ਬਿਆਨ 'ਤੇ ਦਸਤਖਤ ਕਰਨ ਲਈ ਦਬਾਅ ਪਾਇਆ ਗਿਆ। ਉਨ੍ਹਾਂ ਨੇ ਸਿਉਦਾਦ ਜੁਆਰੇਜ਼ ਦੇ ਅਧਿਕਾਰੀਆਂ ਦਾ ਫ਼ੋਨ ਆਉਣ ਤੋਂ ਬਾਅਦ ਅਜਿਹਾ ਕੀਤਾ, ਜਿਨ੍ਹਾਂ ਨੇ ਦੱਸਿਆ ਕਿ ਪੁਲਿਸ ਗੁਪਤ ਸੇਵਾ ਦਾ ਹਿੱਸਾ, ਜੋਰਜ ਪਲਾਸੀਓਸ ਨੇ ਉਨ੍ਹਾਂ ਦੀ ਮਾਂ ਅਤੇ ਮਤਰੇਏ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਕਿਹਾ ਗਿਆ ਕਿ ਜੇਕਰ ਫਿਏਰੋ ਨੇ ਅਪਰਾਧ ਦੀ ਜ਼ਿੰਮੇਵਾਰੀ ਨਹੀਂ ਲਈ ਤਾਂ ਉਨ੍ਹਾਂ ਦੀ ਮਾਂ ਤੇ ਪਿਤਾ ਦੋਵਾਂ ਨੂੰ ਤਸੀਹੇ ਦਿੱਤੇ ਜਾਣਗੇ। 2021 ਅਤੇ 2024 ਦੇ ਵਿਚਕਾਰ ਕੀਤੀ ਗਈ ਆਪਣੀ ਜਾਂਚ ਵਿੱਚ, ਸੀਐੱਨਡੀਐੱਚ ਨੇ ਫਿਏਰੋ ਦੇ ਬਿਆਨ ਦੀ ਪੁਸ਼ਟੀ ਕੀਤੀ। ਏਜੰਸੀ ਦੇ ਇੱਕ ਬਿਆਨ ਮੁਤਾਬਕ, "ਮਿਊਂਸੀਪਲ ਏਜੰਟਾਂ ਨੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ, ਇੱਕ ਅਜਿਹੀ ਸਥਿਤੀ ਜਿਸਨੇ ਸੀਜ਼ਰ ਫਿਏਰੋ ਨੂੰ ਜ਼ੁਰਮ ਮੰਨਣ ਲਈ ਮਜਬੂਰ ਕੀਤਾ। ਆਪਣੇ ਮਾਪਿਆਂ ਦੀ ਰਿਹਾਈ ਤੋਂ ਤਕਰੀਬਨ ਫ਼ੌਰਨ ਬਾਅਦ, ਫਿਏਰੋ ਨੇ ਆਪਣਾ ਫ਼ੈਸਲਾ ਬਦਲ ਲਿਆ। ÷ਫਿਏਰੋ ਨੇ ਆਪਣਾ ਇਕਬਾਲੀਆ ਬਿਆਨ ਵਾਪਸ ਲੈ ਲਿਆ, ਆਪਣੀ ਬੇਗੁਨਾਹੀ ਦਾ ਐਲਾਨ ਕੀਤਾ ਅਤੇ ਉਨ੍ਹਾਂ ਨੇ ਸਿਰਫ ਇਸ ਡਰ ਤੋਂ ਕਬੂਲ ਕੀਤਾ ਸੀ ਕਿ ਉਨ੍ਹਾਂ ਨੂੰ ਖ਼ੌਫ਼ ਸੀ ਕਿ ਜੇ ਇਕਬਾਲ ਨਾ ਕੀਤਾ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਪੁਲਿਸ ਵੱਲੋਂ ਬੇਰਹਿਮੀ ਨਾਲ ਤਸੀਹੇ ਦਿੱਤੇ ਜਾਣਗੇ। ਐਵੇਨਾ ਕੇਸ ਵਿੱਚ ਇੱਕ ਸੰਖੇਪ ਵਿੱਚ ਕਿਹਾ ਗਿਆ ਹੈ। ਐਵੇਨਾ ਮਾਮਲਾ ਇੱਕ ਉਹ ਮੁਕੱਦਮਾ ਹੈ, ਜੋ ਮੈਕਸੀਕੋ ਨੇ ਕੌਮਾਂਤਰੀ ਅਦਾਲਤ ਦੇ ਸਾਹਮਣੇ ਅਮਰੀਕਾ ਦੇ ਖ਼ ?ਲਾਫ਼ ਦਾਇਰ ਕੀਤਾ ਸੀ। ਇਸ ਵਿੱਚ ਮੈਕਸੀਕੋ ਦਾ ਦਾਅਵਾ ਸੀ ਕਿ ਉਨ੍ਹਾਂ ਦੇ ਕਈ ਨਾਗਰਿਕਾਂ 'ਤੇ ਅਪਰਾਧਿਕ ਇਲਜ਼ਾਮ ਲਗਾ ਕੇ, ਉਨ੍ਹਾਂ ਦੇ ਕੌਂਸਲਰ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਸੀਐੱਨਡੀਐੱਚ ਨੇ ਇਹ ਵੀ ਨੋਟ ਕੀਤਾ ਕਿ ਪਲਾਸੀਓਸ, ਜਿਸ ਅਧਿਕਾਰੀ ਨੇ ਫਿਏਰੋ ਦੇ ਮਾਪਿਆਂ ਨੂੰ ਹਿਰਾਸਤ ਵਿੱਚ ਲਿਆ ਸੀ, ਉਹ ਵ ?ਹਾਈਟ ਬ੍ਰਿਗੇਡ ਦਾ ਮੈਂਬਰ ਸੀ। ਇਹ ਇੱਕ ਅਰਧ ਸੈਨਿਕ ਸਮੂਹ ਜਿਸਦਾ ਤਸ਼ੱਦਦ ਦਾ ਇਤਿਹਾਸ ਮੈਕਸੀਕੋ ਵਿੱਚ 1970 ਅਤੇ 1980 ਦੇ ਦਹਾਕੇ ਦੌਰਾਨ ਜਾਰੀ ਰਿਹਾ ਸੀ। ਫਿਏਰੋ ਨੂੰ ਅਪਰਾਧ ਨਾਲ ਜੋੜਨ ਦਾ ਕੋਈ ਭੌਤਿਕ ਸਬੂਤ ਨਹੀਂ ਸੀ ਅਤੇ ਉਨ੍ਹਾਂ ਦੇ ਮਕਾਨ ਮਾਲਕ ਤੋਂ ਪੁੱਛਗਿੱਛ ਕੀਤੀ ਗਈ। ਜਿਸ ਨੇ ਕਿਹਾ ਕਿ ਕਤਲ ਦੇ ਸਮੇਂ ਫਿਏਰੋ ਆਪਣੇ ਅਪਾਰਟਮੈਂਟ ਵਿੱਚ ਸੀ। ਇਹ ਇਲਜ਼ਾਮ ਮਾਨਸਿਕ ਸਿਹਤ ਸਮੱਸਿਆਵਾਂ ਵਾਲੇ 16 ਸਾਲ ਦੇ ਲੜਕੇ ਦੇ ਦਸਤਖ਼ਤ ਕੀਤੇ ਇਕਬਾਲੀਆ ਬਿਆਨ ਅਤੇ ਅਨਿਯਮਿਤ ਗਵਾਹੀ 'ਤੇ ਅਧਾਰਤ ਸੀ। ਇਸ ਮੁੰਡੇ ਨੇ ਕਿਹਾ ਸੀ ਕਿ ਉਹ ਟੈਕਸੀ ਵਿੱਚ ਸੀ ਅਤੇ ਉਸ ਨੇ ਫਿਏਰੋ ਨੂੰ ਬੰਦੂਕ ਚਲਾਉਂਦੇ ਦੇਖਿਆ ਸੀ। ਇਸ ਦੇ ਬਾਵਜੂਦ, ਫਿਏਰੋ ਦੋਸ਼ੀ ਪਾਇਆ ਗਿਆ ਅਤੇ 1980 ਵਿੱਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਕਈ ਸਾਲਾਂ ਬਾਅਦ, 1994 ਵਿੱਚ ਇੱਕ ਜੱਜ ਸੁਣਵਾਈ ਤੋਂ ਬਾਅਦ ਇਹ ਨਤੀਜਾ ਕੱਢਿਆ ਕਿ ÷ਇਸ ਗੱਲ ਦੀ ਮਜ਼ਬੂਤ ਸੰਭਾਵਨਾ ਹੈ ਕਿ ਬਚਾਓ ਪੱਖ ਦੇ ਇਕਬਾਲ ਨੂੰ ਸਿਉਦਾਦ ਜੁਆਰੇਜ਼ ਪੁਲਿਸ ਵੱਲੋਂ ਜ਼ਬਰਦਸਤੀ ਕਰਵਾਇਆ ਗਿਆ ਸੀ... ਪਰ ਕਾਨੂੰਨੀ ਤਕਨੀਕੀ ਕਾਰਨਾਂ ਕਰਕੇ, ਉਨ੍ਹਾਂ ਨੇ ਇੱਕ ਨਵੇਂ ਮੁਕੱਦਮੇ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਉਹ ਜੇਲ੍ਹ ਵਿੱਚ ਹੀ ਰਹੇ।

**ਫਿਏਰੋ ਦੀ ਆਜ਼ਾਦੀ**

ਦਸਤਾਵੇਜ਼ੀ 'ਲਾ ਲਿਬਰੇਟਿਡ ਡੀ ਫਿਏਰੋ (2024)' ਦੇ ਪਹਿਲੇ ਦ੍ਰਿਸ਼ਾਂ ਵਿੱਚੋਂ ਇੱਕ ਵਿੱਚ, ਫਿਏਰੋ ਨੇ ਇੱਕ ਵਾਹਨ ਵਿੱਚ ਸੈਨੇਟਰੀ ਮਾਸਕ ਪਹਿਨਿਆ ਹੋਇਆ ਦੇਖਿਆ ਗਿਆ ਹੈ। ਇਹ 2020 ਸੀ ਅਤੇ ਕੋਵਿਡ-19 ਮਹਾਂਮਾਰੀ ਦੇ ਪ੍ਰਬੰਧਨ ਦੇ ਉਪਾਵਾਂ ਕਾਰਨ ਲੌਕਡਾਊਨ ਚੱਲ ਰਿਹਾ ਸੀ। ਫਿਏਰੋ ਨੂੰ ਉਸੇ ਸਾਲ 14 ਮਈ ਨੂੰ ਰਿਹਾਅ ਕੀਤਾ ਗਿਆ ਸੀ। ਟੈਕਸਸ ਦੀ ਇੱਕ ਅਦਾਲਤ ਨੇ ਮੁਕੱਦਮੇ ਵਿੱਚ ਗਲਤੀਆਂ ਲੱਭਣ ਤੋਂ ਬਾਅਦ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਲਟਾ ਦਿੱਤਾ ਸੀ। ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਪਰ ਉਹ ਤੁਰੰਤ ਪੈਰੋਲ ਲਈ ਯੋਗ ਹੋ ਗਏ ਸਨ। ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਮੈਕਸੀਕੋ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਕਦੇ ਵੀ ਆਪਣੀ ਸਜ਼ਾ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸੰਘੀ ਅਦਾਲਤਾਂ ਨੇ ਫ਼ੈਸਲਾ ਸੁਣਾਇਆ ਕਿ ਉਨ੍ਹਾਂ ਦੀ ਬੇਨਤੀ ਸਮੇਂ ਸਿਰ ਦਾਇਰ ਨਹੀਂ ਕੀਤੀ ਗਈ ਸੀ। ਉਹ ਕਹਿੰਦੇ ਹਨ, ਮੇਰੇ ਕੋਲ ਰਹਿਣ ਲਈ ਕਿਤੇ ਵੀ ਥਾਂ ਨਹੀਂ ਸੀ, ਕੋਈ ਨੌਕਰੀ ਨਹੀਂ ਸੀ, ਕੋਈ ਸਹਾਇਤਾ ਨੈੱਟਵਰਕ ਨਹੀਂ ਸੀ, ਅਤੇ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਆਜ਼ਾਦੀ ਨਾਲ ਕਿਵੇਂ ਨਜਿੱਠਣਾ ਹੈ। ਉਨ੍ਹਾਂ ਦੱਸਿਆ, ਮਹਾਂਮਾਰੀ ਨੇ ਮੈਨੂੰ ਕੁਝ ਤਰੀਕਿਆਂ ਨਾਲ ਫਾਇਦਾ ਪਹੁੰਚਾਇਆ। ਜੇ ਸਭ ਕੁਝ ਆਮ ਹੁੰਦਾ, ਤਾਂ ਮੇਰਾ ਬਹੁਤ ਬੁਰਾ ਹਾਲ ਹੁੰਦਾ। ਪਰ ਕਿਉਂਕਿ ਸੜਕਾਂ 'ਤੇ ਘੱਟ ਲੋਕ ਸਨ, ਇਸ ਲਈ ਮੈਨੂੰ ਬਿਹਤਰ ਢੰਗ ਨਾਲ ਬਾਹਰੀ ਸਮਾਜ ਵਿੱਚ ਢਲਣ ਦਾ ਮੌਕਾ ਮਿਲਿਆ, ਹਾਲਾਂਕਿ ਮੈਂ ਹਾਲੇ ਵੀ ਪੂਰੀ ਤਰ੍ਹਾਂ ਢਲਿਆ ਨਹੀਂ ਹਾਂ। ਦਸਤਾਵੇਜ਼ੀ ਦੇ ਨਿਰਦੇਸ਼ਕ ਸੈਂਟੀਆਗੋ ਐਸਟੀਨੋ ਨੇ ਜੇਲ੍ਹ ਤੋਂ ਰਿਹਾਅ ਹੋਣ 'ਤੇ ਉਨ੍ਹਾਂ ਨੂੰ ਰਹਿਣ ਲਈ ਜਗ ?ਹਾ ਦਿੱਤੀ, ਕਿਉਂਕਿ ਸਿਹਤ ਐਮਰਜੈਂਸੀ ਦੌਰਾਨ ਆਸਰਾ ਲੱਭਣਾ ਮੁਸ਼ਕਲ ਸੀ। ਫਿਏਰੋ ਅਜੇ ਵੀ ਇਸੇ ਅਪਾਰਟਮੈਂਟ ਵਿੱਚ ਰਹਿੰਦੇ ਹਨ। ਸੀਐੱਨਡੀਐੱਚ ਨੇ ਸਿਫ਼ਾਰਸ਼ ਕੀਤੀ ਕਿ ਮੈਕਸੀਕਨ ਸਰਕਾਰ ਉਨ੍ਹਾਂ ਨੂੰ ਜਨਤਕ ਮਾਫ਼ੀ, ਮਨੋਵਿਗਿਆਨਕ ਸਹਾਇਤਾ, ਵਿੱਤੀ ਮੁਆਵਜ਼ਾ ਅਤੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਪਾਰਕ ਜਾਂ ਗਲੀ ਦਾ ਨਾਮ ਰੱਖਣ ਦੀ ਪੇਸ਼ਕਸ਼ ਕਰੇ, ਪਰ ਅਜਿਹਾ ਅਜੇ ਤੱਕ ਨਹੀਂ ਹੋਇਆ ਹੈ। ਉਹ ਆਪਣੇ ਆਪ ਨੂੰ ਕਾਇਮ ਰੱਖਣ ਅਤੇ ਆਪਣੇ ਸਮਾਜਿਕ ਪੁਨਰ-ਏਕੀਕਰਨ ਨੂੰ ਜਾਰੀ ਰੱਖਣ ਲਈ ਜੱਦੋ-ਜਹਿਦ ਕਰ ਰਹੇ ਹਨ। ਉਨ੍ਹਾਂ ਨੇ ਖਾਣਾ ਪਕਾਉਣ ਦੀਆਂ ਕਲਾਸਾਂ ਲਈਆਂ ਅਤੇ ਇੱਕ ਰੈਸਟੋਰੈਂਟ ਵਿੱਚ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਨੌਕਰੀ ਤੋਂ ਪੈਦਾ ਹੋਈ ਚਿੰਤਾ ਤੋਂ ਘਬਰਾ ਕੇ ਨੌਕਰੀ ਛੱਡ ਦਿੱਤੀ। ਉਹ ਤਾਈ ਚੀ ਦਾ ਅਭਿਆਸ ਵੀ ਕਰਦੇ ਹਨ ਅਤੇ ਇੱਕ ਕਮਿਊਨਿਟੀ ਸੈਂਟਰ ਵਿੱਚ ਅੰਗਰੇਜ਼ੀ ਦੀਆਂ ਕਲਾਸਾਂ ਲੈਂਦੇ ਹਨ। ਉਹ ਕਹਿੰਦੇ ਹਨ, ਵਿਦਿਆਰਥੀਆਂ ਨੂੰ ਬੋਲਣ ਵਿੱਚ ਸ਼ਰਮ ਆਉਂਦੀ ਹੈ। ਉਹ ਅਧਿਆਪਕ ਨੂੰ ਕਹਿੰਦੇ ਹਨ ਕਿ ਉਹ ਡਰਦੇ ਹਨ, ਸੰਗਦੇ ਹਨ। ਪਰ ਮੈਨੂੰ ਅੰਗਰੇਜ਼ੀ ਬੋਲਣ ਤੋਂ ਡਰ ਨਹੀਂ ਲੱਗਦਾ। ਪਰ ਉਨ੍ਹਾਂ ਨੂੰ ਇੱਕ ਹੋਰ ਡਰ ਵੀ ਹਨ। ਉਹ ਮੰਨਦੇ ਹਨ, ਮੈਨੂੰ ਅਜੇ ਵੀ ਬਹੁਤ ਡਰ ਹਨ। ਸਬਵੇਅ ਤੋਂ ਇਲਾਵਾ, ਮੈਨੂੰ ਟਰੱਕਾਂ ਤੋਂ ਵੀ ਡਰ ਲੱਗਦਾ ਹੈ। ਮੈਨੂੰ ਉਨ੍ਹਾਂ ਥਾਵਾਂ 'ਤੇ ਆਰਾਮਦਾਇਕ ਮਹਿਸੂਸ ਨਹੀਂ ਹੁੰਦਾ ਅਤੇ ਮੈਂ ਘਬਰਾ ਜਾਂਦਾ ਹਾਂ। ਮੈਂ ਅਜੇ 100ਫ਼ੀਸਦ ਠੀਕ ਨਹੀਂ ਹਾਂ, ਪਰ ਮੈਂ ਠੀਕ ਹੋਣ ਦੀ ਰਾਹ ਉੱਤੇ ਹਾਂ।

## ਜੇਲ੍ਹ ਦੀ ਇਕੱਲਤਾ

ਫਿਏਰੋ ਨੇ ਆਪਣੇ ਸਿਰ ਦੇ ਵਾਲ ਸ਼ੇਵ ਕੀਤੇ ਹੋਏ ਹਨ ਅਤੇ ਉਨ੍ਹਾਂ ਨੇ ਸਲੇਟੀ ਦਾੜ੍ਹੀ ਰੱਖੀ ਹੋਈ ਹੈ। ਉਹ ਹੁਣ ਲੰਬੇ ਵਾਲਾਂ ਵਾਲੇ, ਚੌਰਸ ਚਿਹਰੇ ਵਾਲੇ ਨੌਜਵਾਨ ਮੁੰਡਾ ਨਹੀਂ ਜਿਸ ਨੂੰ 45 ਸਾਲ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ, ਬਲਕਿ ਬਿਲਕੁਲ ਅਲੱਗ ਆਦਮੀ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਮੈਕਸੀਕੋ ਸਿਟੀ ਸਬਵੇਅ ਤੋਂ ਡਰ ਲੱਗਦਾ ਹੈ। ਇਹ ਇੱਕ ਭੀੜ-ਭੜੱਕੇ ਵਾਲੀ ਜਗ ?ਹਾ ਹੈ। ਉਹ ਸਾਲਾਂ ਤੱਕ 3-ਬਾਈ-3 ਮੀਟਰ ਦੀ ਕੋਠੜੀ ਵਿੱਚ ਰਹੇ ਸਨ। ਜੇਲ੍ਹ ਵਿੱਚ ਉਨ੍ਹਾਂ ਦਾ ਪਹਿਲਾ ਕਾਰਜਕਾਲ ਵਾਕਰ ਕਾਉਂਟੀ ਦੇ ਐਲਿਸ ਯੂਨਿਟ ਵਿੱਚ ਸੀ। ਪਰ 1999 ਵਿੱਚ, ਉਨ੍ਹਾਂ ਨੂੰ ਪੋਲੰਸਕੀ ਯੂਨਿਟ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਆਪਣੀ ਬਾਕੀ ਦੀ ਸਜ਼ਾ ਇਕਾਂਤ ਕੈਦ ਵਿੱਚ ਬਿਤਾਈ। ਦਿਨ ਦੇ 23 ਘੰਟੇ ਬਿਨ੍ਹਾਂ ਮਨੁੱਖੀ ਸੰਪਰਕ ਅਤੇ ਕੁਦਰਤੀ ਰੌਸ਼ਨੀ ਦੇ ਬਿਤਾਉਣੇ ਪੈਂਦੇ ਸਨ। ਕਈ ਵਾਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਤੋਂ ਬਾਅਦ, ਉਨ੍ਹਾਂ ਨੇ ਕੱਪੜੇ ਉਤਾਰ ਦਿੱਤੇ। ਉਹ ਉਨ੍ਹਾਂ ਨੂੰ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣਾ ਚਾਹੁੰਦੇ ਸਨ। ਫਿਏਰੋ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਦਾ ਦੁਰਵਿਵਹਾਰ ਵੀ ਸਹਿਣਾ ਪਿਆ। ਉਹ ਕਹਿੰਦੇ ਹਨ, ÷ਉਨ੍ਹਾਂ ਨੇ ਮੇਰੇ 'ਤੇ ਸਾਬਣ ਸੁੱਟਿਆ, ਉਨ੍ਹਾਂ ਨੇ ਮੈਨੂੰ ਖਾਣ ਲਈ ਕੁਝ ਨਹੀਂ ਦਿੱਤਾ ਅਤੇ ਸਭ ਤੋਂ ਪਹਿਲਾਂ ਮੈਨੂੰ ਇਹ ਲੱਗਿਆ ਕਿ ਮੈਂ ਜੀਣਾ ਨਹੀਂ ਚਾਹੁੰਦਾ। ਉਨ੍ਹਾਂ ਨੇ ਇੱਕ ਹੱਲ ਲੱਭਿਆ। ਫਿਏਰੋ ਕਹਿੰਦੇ ਹਨ, ਮੈਂ ਕਸਰਤ ਕਰਨੀ, ਗਾਉਣਾ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਜੋ ਵੀ ਕੀਤਾ, ਮੈਂ ਉਨ੍ਹਾਂ ਨਾਲ ਗੱਲ ਨਹੀਂ ਕੀਤੀ, ਮੈਂ ਸ਼ਿਕਾਇਤ ਨਹੀਂ ਕੀਤੀ, ਜਾਂ ਕੁਝ ਵੀ ਨਹੀਂ ਕੀਤਾ। ਉਹ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਚਿੰਤਾ ਅਤੇ ਡਿਪਰੈਸ਼ਨ ਲਈ ਲੋੜੀਂਦੀ ਦਵਾਈ ਨਹੀਂ ਦਿੱਤੀ ਗਈ ਸੀ, ਜਿਸ ਕਾਰਨ ਉਹ ਕੁਝ ਸਮੇਂ ਲਈ ਉਲਝਣ ਵਿੱਚ ਰਹੇ ਅਤੇ ਉਨ੍ਹਾਂ ਨੂੰ ਹੁਣ ਮਨੋਵਿਗਿਆਨਕ ਰੀਹੈਬਲੀਟੇਸ਼ਨ ਦੀ ਲੋੜ ਸੀ। ਸਾਲ ਬੀਤਦੇ ਗਏ ਅਤੇ ਅਮਰੀਕੀ ਮੀਡੀਆ ਨੇ ਫਿਏਰੋ ਨੂੰ ਦੇਸ਼ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਮੌਤ ਦੀ ਸਜ਼ਾ ਵਾਲੇ ਕੈਦੀ ਵਜੋਂ ਦਰਸਾਇਆ। ਇਸ ਪ੍ਰਕਿਰਿਆ ਵਿੱਚ ਉਨ੍ਹਾਂ ਨੇ ਆਪਣੀ ਮਾਂ ਨੂੰ ਗੁਆ ਦਿੱਤਾ। ਆਪਣੀ ਮਾਂ ਬਾਰੇ ਉਨ੍ਹਾਂ ਨੇ ਹੋਰ ਇੰਟਰਵਿਊਆਂ ਵਿੱਚ ਕਿਹਾ ਸੀ, ÷ਉਹ ਮੇਰੀ ਸਭ ਤੋਂ ਚੰਗੀ ਦੋਸਤ÷ ਸੀ ਅਤੇ ਹਰ ਵਾਰ ਜਦੋਂ ਉਸਨੂੰ ਇਹ ਖ਼ਬਰ ਮਿਲਦੀ ਸੀ ਕਿ ਉਹ ਘਾਤਕ ਟੀਕੇ ਨਾਲ ਮਰਨ ਵਾਲਾ ਹੈ, ਤਾਂ ਉਹ ਸਭ ਤੋਂ ਵੱਧ ਚਿੰਤਤ ਹੁੰਦੀ ਸੀ। ਇਹ 17 ਵਾਰ ਹੋਇਆ। ਉਹ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਦੇ ਡਰ ਨਹੀਂ ਲੱਗਾ। ਉਹ ਸ਼ਾਂਤ ਸੁਰ ਵਿੱਚ ਕਹਿੰਦੇ ਹਨ, ÷ਜਦੋਂ ਮੈਨੂੰ ਪਹਿਲੀ ਵਾਰ ਫਾਂਸੀ ਦੀ ਤਾਰੀਖ ਦਿੱਤੀ ਗਈ ਸੀ, ਮੈਂ ਮਰਨ ਤੋਂ ਮਹਿਜ਼ ਚਾਰ ਘੰਟੇ ਦੂਰ ਸੀ। ਉਹ ਅੱਗੇ ਕਹਿੰਦੇ ਹਨ, ÷ਮੈਨੂੰ ਕੋਈ ਚਿੰਤਾ ਨਹੀਂ ਸੀ। ਕਿਉਂਕਿ ਮੈਂ ਕੁਝ ਗ਼ਲਤ ਨਹੀਂ ਕੀਤਾ ਸੀ। ਮੈਂ ਹਮੇਸ਼ਾ ਸੋਚਦਾ ਸੀ ਕਿ ਸੱਚ ਜਲਦੀ ਜਾਂ ਫ਼ ?ਰ ਬਾਅਦ ਵਿੱਚ ਸਾਹਮਣੇ ਆ ਜਾਵੇਗਾ...ਅਤੇ ਅਜਿਹਾ ਹੀ ਹੋਇਆ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025





# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025



## LOWER YOUR PROPERTY TAXES

Our fee 35% others charge 50%

NO REDUCTION → NO FEE

CALL 516-680-8037





## HUGE TAX SAVINGS FOR OUR HOMEOWNERS

Muttontown $13,435
Jericho - $9,458
Levittown - $3,788
Roslyn - $3,435
Wantagh - $3,208
East Hills $7,925

Woodbury - $4,836
Bayville - $5,797
Westbury - $3,609
Bellmore - $3,731
Bethpage - $3,066
Manhasset $5,840





Varinder K Bhalla
Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025







# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325 | Website: www.preetnama.com Email preetnamausa@gmail.com | 24 OCT TO 30 OCT, 2025




# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com +1 (201) 312-4180



**PRITPAL KAUR**
Editor-In-Chief
+1 201-312-4180
+1 917-328-8436



**ADVISORY BOARD**

Joga Singh
******************************
Jaswinder Singh New Jersey
******************************
Mindi Manak
NewYork
******************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
**********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
******************************
Raj Rani
Video editor
******************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਸਰਕਾਰ ਦੇ ਝੂਠ ਦਾ ਸਾਥ ਕਿਉਂ ਦੇ ਰਿਹਾ ਹੈ ਭਾਰਤੀ ਮੀਡੀਆ ?

ਕੋਈ ਵੇਲਾ ਸੀ ਜਦੋਂ ਭਾਰਤ ਵਿੱਚ ਪੱਤਰਕਾਰੀ ਅਤੇ ਪੱਤਰਕਾਰਾਂ ਦੇ ਕੁਝ ਅਸੂਲ ਅਤੇ ਆਦਰਸ਼ ਹੋਇਆ ਕਰਦੇ ਸਨ। ਪੱਤਰਕਾਰਾਂ ਅਤੇ ਸੰਪਾਦਕਾਂ ਅੰਦਰ ਨਿਧੜਕਤਾ ਅਤੇ ਸਚਾਈ ਇਸ ਕਦਰ ਭਰੀ ਹੁੰਦੀ ਸੀ ਕਿ ਉਹ ਸ਼ਕਤੀਸ਼ਾਲੀ ਤੋਂ ਵੀ ਸ਼ਕਤੀਸ਼ਾਲੀ ਸੱਤਾਧਾਰੀ ਸਿਆਸਤਦਾਨਾਂ ਅਤੇ ਉੱਚ-ਅਹੁਦਿਆਂ 'ਤੇ ਬਿਰਾਜਮਾਨ ਅਫਸਰਾਂ ਨੂੰ ਸਿੱਧੇ ਅਤੇ ਤਿੱਖੇ ਸਵਾਲ ਕਰਨ ਤੋਂ ਰਤਾ ਵੀ ਨਹੀਂ ਝਿਜਕਦੇ ਸਨ। ਅਖ਼ਬਾਰਾਂ ਅਤੇ ਚੈਨਲਾਂ ਦੀਆਂ ਖ਼ਬਰਾਂ ਵਿੱਚ ਇਸ ਕਦਰ ਸਚਾਈ ਦੀ ਤਾਕਤ ਹੁੰਦੀ ਸੀ ਕਿ ਉਹ ਸਰਕਾਰਾਂ ਦੇ ਤਖ਼ਤੇ ਤਕ ਹਿਲਾ ਦੇਣ ਦੇ ਸਮਰੱਥ ਹੁੰਦੇ ਸਨ ਪਰ ਭਾਰਤੀ ਪੱਤਰਕਾਰੀ ਵਿੱਚ ਨਿਘਾਰ ਹੁਣ ਇੰਨਾ ਆ ਗਿਆ ਹੈ ਕਿ ਲੋਕ ਵੱਖ-ਵੱਖ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ 'ਤੇ ਸ਼ਰੇਆਮ ਸੱਤਾ ਧਿਰ ਦੀ ਚਾਪਲੂਸੀ ਕਰਨ ਦੇ ਇਲਜ਼ਾਮ ਲਾਉਣ ਲੱਗ ਪਏ ਹਨ ਤੇ 'ਮੋਦੀ ਰਾਜ' ਵਿੱਚ ਤਾਂ ਸਰਕਾਰ ਦੇ ਪਿੱਠੂ ਮੀਡੀਆ ਲਈ 'ਗੋਦੀ ਮੀਡੀਆ' ਨਾਮ ਹੀ ਇਜਾਦ ਕਰ ਲਿਆ ਹੈ।

ਇਹ ਬਹੁਤ ਹੀ ਬੁਰੀ ਗੱਲ ਹੈ ਕਿ ਭਾਰਤ ਦੀ ਸੱਤਾ ਦੇ ਉੱਚ-ਅਹੁਦਿਆਂ 'ਤੇ ਬਿਰਾਜਮਾਨ ਆਗੂ ਗਿਆਰਾਂ ਸਾਲ ਦੇ ਆਪਣੇ ਕਾਰਜਕਾਲ ਦੌਰਾਨ ਇੱਕ ਵੀ ਪ੍ਰੈੱਸ ਕਾਨਫਰੰਸ ਨਹੀਂ ਕਰਦੇ ਹਨ ਤੇ ਜੇਕਰ ਕਿਧਰੇ ਇੱਕਾ-ਦੁੱਕਾ ਪ੍ਰੈੱਸ ਵਾਰਤਾ ਕਰਦੇ ਵੀ ਹਨ ਤਾਂ ਪੱਤਰਕਾਰ ਤਿੱਖੇ ਸਵਾਲ ਕਰਨ ਵਾਲੇ ਅਤੇ ਵੱਖ-ਵੱਖ ਮਾਮਲਿਆਂ ਸਬੰਧੀ ਸਰਕਾਰ ਦੀ ਜਵਾਬਦੇਹੀ ਪੁੱਛਣ ਦੀ ਥਾਂ ਖੁਸ਼ਾਮਦੀ ਕਰਨ ਵਾਲੇ ਸਵਾਲ ਪੁੱਛਦੇ ਹਨ, ਜਿਨ੍ਹਾਂ ਦਾ ਦੇਸ਼ ਜਾਂ ਸਮਾਜ ਦੇ ਮਸਲਿਆਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਸਿਆਸਤਦਾਨਾਂ ਅਤੇ ਅਫਸਰਸ਼ਾਹੀ ਕੋਲੋਂ ਜਵਾਬ ਮੰਗਣ ਦੀ ਆਪਣੀ ਜ਼ਿੰਮੇਵਾਰੀ ਭੁੱਲ ਕੇ ਪ੍ਰਿੰਟ ਅਤੇ ਬਿਜਲਈ ਮੀਡੀਆ ਹੁਣ ਚਾਂਦੀ ਦੇ ਚੰਦ ਟੁਕੜਿਆਂ 'ਤੇ ਡੁੱਲ੍ਹ ਗਿਆ ਹੈ। ਮੀਡੀਆ, ਭਾਵ ਪੱਤਰਕਾਰੀ ਵਿੱਚ ਨਿਘਾਰ ਦਾ ਵਰਤਮਾਨ ਆਲਮ ਇਹ ਹੈ ਕਿ ਮੀਡੀਆ ਹੁਣ ਸ਼ਰੇਆਮ ਝੂਠ ਬੋਲਣ ਲੱਗ ਪਿਆ ਹੈ ਜਦੋਂ ਕਿ ਸੋਸ਼ਲ ਮੀਡੀਆ ਰਾਹੀਂ ਦੇਸ਼ ਨੂੰ ਸਚਾਈ ਦਾ ਪਤਾ ਲੱਗਣ ਲੱਗ ਪਿਆ ਹੈ।

'ਆਪ੍ਰੇਸ਼ਨ ਸੰਧੂਰ' ਦੌਰਾਨ ਭਾਰਤ ਦੀ ਜਨਤਾ ਨੇ ਗੋਦੀ ਮੀਡੀਆ ਦੁਆਰਾ ਫੈਲਾਏ ਜਾਂਦੇ ਝੂਠ ਨੂੰ ਆਪਣੀ ਅੱਖੀਂ ਦੇਖਿਆ ਹੈ। ਦੇਸ਼ ਦੀ ਫ਼ੌਜ ਅਜੇ ਸਰਹੱਦ ਦੇ ਇਸ ਪਾਰ ਸੀ ਪਰ ਮੀਡੀਆ ਚੈਨਲਾਂ ਨੇ ਸਰਕਾਰ ਦੀ ਜੀ ਹਜ਼ੂਰੀ ਦੇ ਸਾਰੇ ਰਿਕਾਰਡ ਮਾਤ ਪਾਉਂਦਿਆਂ ਹੋਇਆਂ ਭਾਰਤੀ ਫ਼ੌਜ ਦੇ ਕਰਾਚੀ ਜਾਂ ਲਾਹੌਰ ਅੰਦਰ ਜਾ ਵੜਨ ਦੀਆਂ ਖ਼ਬਰਾਂ ਪ੍ਰਸਾਰਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਰਤ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਨੇ ਸੰਸਦ ਵਿੱਚ ਖੜ੍ਹੇ ਹੋ ਕੇ ਸ਼ਰੇਆਮ ਝੂਠ ਬੋਲਿਆ ਕਿ 'ਦੇਸ਼ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ।"ਜਦੋਂ ਕਿ ਬਾਅਦ ਵਿੱਚ ਸਾਬਕਾ ਸੈਨਿਕਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਖ਼ੁਲਾਸਾ ਕਰ ਦਿੱਤਾ ਸੀ ਕਿ ਦੇਸ਼ ਦੇ ਦਸ ਸੈਨਿਕਾਂ ਨੂੰ ਇਸ ਅਪਰੇਸ਼ਨ ਦੌਰਾਨ ਆਪਣੁ ਪ੍ਰਾਣਾਂ ਦਾ ਬਲੀਦਾਨ ਦੇਣਾ ਪਿਆ ਸੀ। ਸਰਕਾਰ ਦੇ ਐਨੇ ਵੱਡੇ ਝੂਠ ਬਾਰੇ ਮੀਡੀਆ ਨੇ ਇੱਕ ਵੀ ਸਵਾਲ ਖੜ੍ਹਾ ਨਾ ਕਰਕੇ ਝੂਠ ਦਾ ਪੂਰਾ-ਪੂਰਾ ਸਾਥ ਦਿੱਤਾ ਸੀ। ਕੇਂਦਰ ਦੀ ਐੱਨ.ਡੀ.ਏ. ਸਰਕਾਰ ਨੇ ਬੀਤੇ ਦਿਨੀਂ ਜੀ.ਐੱਸ.ਟੀ. ਵਿੱਚ ਵੱਡੀ ਛੋਟ ਦਿੰਦਿਆਂ ਹੋਇਆਂ ਦੇਸ਼ਵਾਸੀਆਂ ਨੂੰ 'ਤਿਉਹਾਰ' ਮਨਾਉਣ ਦੀ ਤਾਕੀਦ ਕੀਤੀ ਸੀ ਪਰ ਹਰ ਵੇਲੇ ਚੁਕੰਨਾ ਤੇ ਮੁਸਤੈਦ ਰਹਿਣ ਦਾ ਦਾਅਵਾ ਕਰਨ ਵਾਲੇ ਮੀਡੀਆ ਨੇ ਸਰਕਾਰ ਨੂੰ ਇਹ ਸਵਾਲ ਨਹੀਂ ਕੀਤਾ ਸੀ ਕਿ ਸੰਨ 2017 ਤੋਂ 2025 ਤਕ 127 ਲੱਖ ਕਰੋੜ ਰੁਪਏ ਦਾ ਜੋ ਜੀ.ਐੱਸ.ਟੀ. ਦੇਸ਼ ਦੀ ਜਨਤਾ ਤੋਂ ਵਸੂਲਿਆ ਗਿਆ ਸੀ, ਉਹ ਵੀ ਤਾਂ ਇਸੇ ਸਰਕਾਰ ਨੇ ਲਾਇਆ ਸੀ ਤੇ ਜੇਕਰ ਇਹ ਸਰਕਾਰ ਅੱਠ ਸਾਲ ਤਕ ਜਨਤਾ ਨੂੰ 'ਲੁੱਟਦੀ' ਰਹੀ ਸੀ ਤਾਂ ਫਿਰ ਹੁਣ 'ਉਤਸਵ' ਮਨਾਉਣ ਦੀ ਕੀ ਤੁਕ ਬਣਦੀ ਹੈ ? ਪਰ ਬੇਸ਼ਰਮ ਬਿਜਲਈ ਮੀਡੀਆ ਖੁਸ਼ਾਮਦੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਹੋਇਆਂ ਸਰਕਾਰ ਦੇ ਇਸ ਕਦਮ ਨੂੰ 'ਮਾਸਟਰ ਸਟ ?ਰੋਕ' ਆਖ ਕੇ ਵਡਿਆ ਰਿਹਾ ਹੈ ਤੇ ਸਰਕਾਰ ਦੇ ਝੂਠ ਵਿੱਚ ਪੂਰਾ-ਪੂਰਾ ਸਾਥ ਦੇ ਰਿਹਾ ਹੈ। ਇਹ ਮੀਡੀਆ ਇਹ ਨਹੀਂ ਦੱਸ ਰਿਹਾ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਦੀਆਂ ਵਿੱਦਿਅਕ ਜ਼ਰੂਰਤਾਂ ਲਈ ਲੋੜੀਂਦੇ 'ਕਾਪੀਆਂ ਅਤੇ ਰਜਿਸਟਰਾਂ' ਉੱਤੇ ਜੀ.ਐੱਸ.ਟੀ. 12 ਫ਼ੀਸਦੀ ਤੋਂ ਘਟਾ ਕੇ ਪੰਜ ਫ਼ੀਸਦੀ ਕਰ ਦਿੱਤਾ ਗਿਆ ਹੈ ਪਰ ਕਾਪੀਆਂ ਤਿਆਰ ਕਰਨ ਲਈ ਲੋੜੀਂਦੇ ਕਾਗ਼ਜ਼ 'ਤੇ ਜੀ.ਐੱਸ.ਟੀ. 12 ਫ਼ੀਸਦੀ ਤੋਂ ਵਧਾ ਕੇ 18 ਫ਼ੀਸਦੀ ਕਰ ਦਿੱਤਾ ਗਿਆ ਹੈ ਤਾਂ ਵਿਦਿਆਰਥੀਆਂ ਜਾਂ ਮਾਪਿਆਂ ਨੂੰ ਭਲਾ ਕਿੰਨੀ ਕੁ ਰਾਹਤ ਮਿਲ ਸਕਦੀ ਹੈ ?

ਸਰਕਾਰ ਦੇ ਇਸ ਝੂਠ ਅਤੇ ਚਲਾਕੀ ਬਾਰੇ ਸਭ ਕੁਝ ਜਾਣਦਿਆਂ ਹੋਇਆਂ ਵੀ ਮੀਡੀਆ ਖ਼ਾਮੋਸ਼ ਹੈ ਤੇ ਇਸ ਝੂਠ ਵਿੱਚ ਸਰਕਾਰ ਦਾ ਭਾਈਵਾਲ ਹੋਣ ਦੀ ਭੂਮਿਕਾ ਨਿਭਾ ਰਿਹਾ ਹੈ।

ਮੀਡੀਆ ਸਰਕਾਰ ਨੂੰ ਇਹ ਸਵਾਲ ਨਹੀਂ ਕਰਦਾ ਹੈ ਕਿ ਐਨੀ ਸ਼ਕਤੀਸ਼ਾਲੀ, ਜਾਗਰੂਕ ਅਤੇ ਰਾਸ਼ਟਰਵਾਦੀ ਸਰਕਾਰ ਦੇ ਰਾਜਕਾਲ ਵਿੱਚ 'ਪਹਿਲਗਾਮ ਕਾਂਡ', 'ਪੁਲਵਾਮਾ ਕਾਂਡ', 'ਪਠਾਨਕੋਟ ਕਾਂਡ', 'ਮਣੀਪੁਰ ਕਾਂਡ' ਆਦਿ ਜਿਹੇ ਕਈ ਵੱਡੇ ਅਤੇ ਸ਼ਰਮਨਾਕ ਕਾਂਡ ਵਾਪਰੇ ਹਨ ਪਰ ਇਨ੍ਹਾਂ ਦੀ ਜਾਂਚ ਰਿਪੋਰਟ ਕੀ ਆਈ ?

***ਕੌਣ-ਕੌਣ ਦੋਸ਼ੀ ਪਾਇਆ ਗਿਆ ? ਕਿਸ-ਕਿਸ ਨੂੰ ਸਜ਼ਾ ਮਿਲੀ ?***

ਆਦਿ ਜਿਹੇ ਸੰਜੀਦਾ ਅਤੇ ਮਹੱਤਵਪੂਰਨ ਪ੍ਰਸ਼ਨ ਸਰਕਾਰ ਤੋਂ ਨਹੀਂ ਪੁੱਛ ਰਿਹਾ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਆਪਣੇ ਬਿਆਨਾਂ ਨਾਲ, ਵਾਧੂ ਟੈਰਿਫ ਨਾਲ ਅਤੇ ਭਾਰਤੀਆਂ ਨੂੰ ਅਪਮਾਨਜਨਕ ਢੰਗ ਨਾਲ ਡਿਪੋਰਟ ਕੀਤੇ ਜਾਣ ਵਾਲੇ ਆਪਣੇ ਕਰਮਾਂ ਸਦਕਾ ਭਾਰਤ ਦਾ ਨਿਰੰਤਰ ਅਪਮਾਨ ਕਰ ਰਹੇ ਹਨ ਪਰ '56 ਇੰਚ' ਦੇ ਸੀਨੇ ਵਾਲੀ ਸਰਕਾਰ ਅਤੇ ਉਸਦਾ ਪਾਲਤੂ ਬਣਦਾ ਜਾ ਰਿਹਾ ਮੀਡੀਏ ਦਾ ਇੱਕ ਵੱਡਾ ਵਰਗ ਸ੍ਰੀ ਟਰੰਪ ਦੇ ਬਿਆਨਾਂ ਅਤੇ ਕੁਕਰਮਾਂ ਬਾਰੇ ਪੂਰੀ ਤਰ੍ਹਾਂ ਖ਼ਾਮੋਸ਼ ਹੈ। ਸੱਤਾ ਵਿਰੋਧੀ ਧਿਰ ਵੱਲੋਂ ਸਬੂਤਾਂ ਅਤੇ ਅੰਕੜਿਆਂ ਸਮੇਤ 'ਵੋਟ ਚੋਰੀ' ਬਾਰੇ ਭਾਰਤੀ ਚੋਣ ਕਮਿਸ਼ਨ ਤੋਂ ਪੁੱਛੇ ਗਏ ਸਵਾਲਾਂ ਦਾ ਚੋਣ ਕਮਿਸ਼ਨ ਵੱਲੋਂ ਇੱਕ ਵੀ ਢੰਗ ਦਾ ਜਵਾਬ ਨਹੀਂ ਦਿੱਤਾ ਗਿਆ, ਕਿਸੇ ਨਿਊਜ਼ ਚੈਨਲ ਜਾਂ ਪੱਤਰਕਾਰ ਨੇ ਚੋਣ ਕਮਿਸ਼ਨਰ ਦਾ ਇੰਟਰਵਿਊ ਕਰਕੇ ਸ਼ੰਕੇ ਦੂਰ ਕਰਨ ਦਾ ਯਤਨ ਨਹੀਂ ਕੀਤਾ। ਸਰਕਾਰ ਨੇ ਚੋਣ ਕਮਿਸ਼ਨਰਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਬਾਹਰ ਕਰਕੇ ਆਪਣੀ ਅਜਾਰਦੇਾਰੀ ਕਾਇਮ ਕਰ ਲਈ, ਲੋਕ ਹੱਕਾਂ ਦਾ ਪਹਿਰੇਦਾਰ ਅਖਵਾਉਣ ਵਾਲਾ ਮੀਡੀਆ ਕੁਸਕਿਆ ਤਕ ਵੀ ਨਹੀਂ। ਸਰਕਾਰ ਚਾਹੇ ਜੋ ਮਰਜ਼ੀ ਕਹੇ ਜਾਂ ਕਰੇ ਪਰ ਪੱਤਰਕਾਰਾਂ ਨੂੰ ਤਾਂ ਆਪਣੇ ਫਰਜ਼ ਇਮਾਨਦਾਰੀ ਨਾਲ ਨਿਭਾਉਣੇ ਚਾਹੀਦੇ ਹਨ। ਹੁਣ ਨੌਬਤ ਤਾਂ ਇੱਥੋਂ ਤਕ ਆ ਗਈ ਹੈ ਕਿ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਦੇ 'ਵਿਕਾਊ' ਹੋਣ ਬਾਰੇ ਗੱਲ ਕਰਕੇ ਭਾਰਤੀ ਸ਼ਾਇਰ ਵੀ ਅਜੋਕੀ ਪੱਤਰਕਾਰਿਤਾ 'ਤੇ ਗੰਭੀਰ ਕਟਾਕਸ਼ ਕਰਦਿਆਂ ਹੋਇਆਂ ਆਖਣ ਲੱਗ ਪਏ ਹਨ:

***ਆਜ ਅ.ਖਬਾਰ .ਖਰੀਦਾ ਤੋ ਮਾਲੂਮ ਹੂਆ, ਕੋਈ ਪਹਿਲੇ ਹੀ '.ਖਰੀਦ' ਚੁੱਕਾ ਹੈ ਇਸਕੋ।***

ਅੱਜ ਦੇਸ਼ ਵਿੱਚ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਸਿਖਰ 'ਤੇ ਹਨ। ਡਾਲਰ ਦੇ ਮੁਕਾਬਲੇ ਰੁਪਇਆ ਧਰਾਤਲ 'ਤੇ ਹੈ। ਕੌਮਾਂਤਰੀ ਬਜ਼ਾਰ ਵਿੱਚ ਪੈਟਰੌਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਬਾਵਜੂਦ ਭਾਰਤ ਅੰਦਰ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ। ਸੋਨੇ ਦੀਆਂ ਕੀਮਤਾਂ ਪਿਛਲੇ ਸਾਰੇ ਰਿਕਾਰਡ ਮਾਤ ਪਾ ਰਹੀਆਂ ਹਨ। ਦੇਸ਼ ਦੀ 80 ਕਰੋੜ ਅਬਾਦੀ ਮੁਫਤ ਰਾਸ਼ਨ ਦੇ ਆਸਰੇ ਜ਼ਿੰਦਗੀ ਕੱਟ ਰਹੀ ਹੈ ਤੇ ਰਾਜਨੇਤਾ ਦੇਸ਼ ਦੀ ਤਰੱਕੀ ਦੇ ਕਸੀਦੇ ਪੜ੍ਹਦਿਆਂ ਹੋਇਆਂ ਅਸਮਾਨ ਨੂੰ ਟਾਕੀਆਂ ਲਾ ਰਹੇ ਹਨ।

'ਵਿਦੇਸ਼ੀ ਘੜੀ', ਵਿਦੇਸ਼ੀ ਜੁੱਤੀ', ਵਿਦੇਸ਼ੀ ਸੂਟ' ਪਹਿਨਣ ਵਾਲੇ, ਵਿਦੇਸ਼ੀ ਪੈੱਨ ਅਤੇ 'ਵਿਦੇਸ਼ੀ ਚਸ਼ਮਾ' ਵਰਤਣ ਵਾਲੇ ਅਤੇ 'ਵਿਦੇਸ਼ੀ ਗੱਡੀਆਂ' ਅਤੇ 'ਵਿਦੇਸ਼ੀ ਹਵਾਈ ਜਹਾਜ਼ਾਂ' ਵਿੱਚ ਘੁੰਮਣ ਵਾਲੇ ਮਾਣਯੋਗ ਭਾਰਤੀ ਪ੍ਰਧਾਨ ਮੰਤਰੀ ਸਾਹਿਬ ਬੀਤੇ ਦਿਨ ਆਪਣੇ ਸੰਬੋਧਨ ਦੌਰਾਨ 'ਸਵਦੇਸ਼ੀ' ਅਪਣਾਉਣ ਦਾ 'ਉਪਦੇਸ਼' ਭਾਰਤ ਦੀ ਜਨਤਾ ਨੂੰ ਦੇ ਰਹੇ ਸਨ ਤੇ ਉਨ੍ਹਾਂ ਨੂੰ ਇਸ ਬਾਰੇ ਪਲਟ ਕੇ ਸਵਾਲ ਕਰਨ ਦੀ ਜ਼ਿੰਮੇਵਾਰੀ ਰੱਖਣ ਵਾਲਾ ਭਾਰਤ ਦਾ ਸਮੁੱਚਾ ਮੀਡੀਆ ਖ਼ਾਮੋਸ਼ ਰਹਿ ਕੇ ਸਰਕਾਰ ਦੇ ਇਸ ਝੂਠ ਵਿੱਚ ਬਰਾਬਰ ਦਾ ਭਾਗੀਦਾਰ ਬਣ ਗਿਆ ਸੀ। ਲਦਾਖ ਦੇ ਹੱਕਾਂ ਲਈ ਲੜਾਈ ਲੜ ਰਹੇ ਲਦਾਖੀ ਆਗੂ ਸੋਨਮ ਵਾਂਗਚੁਕ ਨੂੰ ਪੰਜਾਬ ਦੇ ਧਰਨਾਕਾਰੀ ਕਿਸਾਨਾਂ ਵਾਂਗ 'ਦੇਸ਼ ਧ੍ਰੋਹੀ' ਗਰਦਾਨ ਕੇ ਬਦਨਾਮ ਕਰਨ ਦੀ ਸਾਜ਼ਿਸ਼ ਕਰ ਰਹੀ ਭਾਰਤ ਸਰਕਾਰ ਦੇ ਖ਼ਿਲਾਫ ਇੱਕ ਵੀ ਵਿਦਰੋਹ ਜਾਂ ਵਿਰੋਧ ਦਾ ਲਫਜ਼ ਨਾ ਉਚਾਰ ਕੇ ਭਾਰਤੀ ਮੀਡੀਆ ਭਾਰਤ ਸਰਕਾਰ ਦੀ ਜ਼ਿਆਦਤੀ ਦਾ ਸਾਥ ਦੇ ਰਿਹਾ ਹੈ। ਇਸ ਸਾਰੇ ਵਰਤਾਰੇ ਬਾਰੇ ਮਸ਼ਹੂਰ ਤੇ ਇਨਕਲਾਬੀ ਸ਼ਾਇਰ ਰਾਹਤ ਇੰਦੌਰੀ ਦਾ ਸ਼ੇਅਰ ਬਿਲਕੁਲ ਠੀਕ ਢੁਕਦਾ ਹੈ।

**ਲੇਖਕ : ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਸੰਪਰਕ : 97816-46008**




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 325 Website: www.preetnama.com Email preetnamausa@gmail.com 24 OCT TO 30 OCT, 2025

# मानव सभ्यता को बचाने के लिए पृथ्वी संरक्षण जरुरी

**- ललित गर्ग**

प्राकृतिक संसाधनों के संरक्षण, जलवायु परिवर्तन से निपटने और जैव विविधता संकट को रोकने के लिए कार्रवाई का एक क्रांतिकारी आह्वान है पृथ्वी दिवस जो पूरे विश्व में 22 अप्रैल को मनाया जाता है। पृथ्वी या सृष्टि के संरक्षण और स्थिरता के लिए जागरूकता पैदा करना इसलिये आवश्यक हो गया कि जलवायु परिवर्तन, प्रदूषण और वनों की कटाई के कारण प्रकृति एवं पर्यावरण पर गहरे संकट है। वर्ष 2025 में इस दिवस की थीम है 'हमारी शक्ति, हमारा ग्रह', जो यह स्पष्ट करता है कि जलवायु परिवर्तन और हमारे पर्यावरण के दुरुपयोग से निपटने के लिए नवीकरणीय ऊर्जा की तत्काल आवश्यकता है। हमारे स्वास्थ्य, हमारे परिवारों, हमारी आजीविका और हमारी धरती को एक साथ संरक्षित करने का समय आ गया है। पृथ्वी दिवस आधुनिक पर्यावरण आंदोलन की वर्षगांठ का प्रतीक है, जो पहली बार सन् 1970 में मनाया गया था। इसका उद्देश्य लोगों को पर्यावरण के प्रति संवेदनशील एवं पृथ्वी के संरक्षण के लिये जागरूक करना है। दुनिया में पृथ्वी के विनाश, प्रकृति प्रदूषण एवं जैविक संकट को लेकर काफी चर्चा हो रही है। 190 से अधिक देशों को पृथ्वी दिवस में शामिल करते हुए एक वैश्विक आंदोलन बन गया है जो प्लास्टिक प्रदूषण, नवीकरणीय संसाधन, ग्लोबल वार्मिंग और टिकाऊ जीवन जैसी प्रमुख पर्यावरणीय चिंताओं की ओर ध्यान आकर्षित करता है। वृक्षारोपण, सफाई अभियान, शैक्षिक अभियान और वकालत वैश्विक स्तर पर सरकारों, संगठनों, स्कूलों और समुदायों द्वारा की जाने वाली गतिविधियों में से हैं। इसका उद्देश्य लोगों को पर्यावरण की दृष्टि से अधिक सही निर्णय लेने तथा पृथ्वी के अनुकूल नीतियों के पक्ष में खड़ा करता है और इस बात पर जोर देता है कि आपकी उम्र चाहे जो भी हो या आप कहीं भी रहते हों, आप पृथ्वी को अधिक स्वस्थ और टिकाऊ बनाने में योगदान दे सकते हैं और ऐसा करते हुए शांति की स्थापना एवं शांतिपूर्ण जीवन को सुदृढ़ बना सकते हैं। इस दिवस के माध्यम से ऐसे विचारों एवं जीवनशैली को संगठित करना है जिससे पर्यावरण नीति निर्माता सरकारों को प्रेरित करें ताकि पर्यावरणीय स्वास्थ्य को प्राथमिकता देने के लिए कानूनों और प्रथाओं में बदलाव हो सके एवं वैज्ञानिक नवाचारों और हरित प्रौद्योगिकियों के विचार को बल देते हुए पर्यावरण को होने वाले नुकसान को कम करने और भविष्य में स्थिरता बनाए रखने के लिए महत्वपूर्ण कदम उठा सके।

आज विश्व भर में हर जगह प्रकृति का दोहन एवं शोषण जारी है। जिसके कारण पृथ्वी पर अक्सर उत्तरी ध्रुव की ठोस बर्फ का कई किलोमीटर तक पिघलना, सूर्य की पराबैंगनी किरणों को पृथ्वी तक आने से रोकने वाली ओजोन परत में छेद होना, भयंकर तूफान, सुनामी और भी कई प्राकृतिक आपदाओं का होना आदि ज्वलंत समस्याएं विकराल होती जा रही है, जिसके लिए मनुष्य ही जिम्मेदार हैं। ग्लोबल वार्मिंग के रूप में जो आज हमारे सामने हैं। ये आपदाएँ पृथ्वी पर ऐसे ही होती रहीं तो वह दिन दूर नहीं जब पृथ्वी से जीव-जन्तु व वनस्पति का अस्तिव ही समाप्त हो जाएगा। जीव-जन्तु अंधे हो जाएंगे। लोगों की त्वचा झुलसने लगेगी और कैंसर रोगियों की संख्या बढ़ जाएगी एवं अनेक नयी-नयी व्याधियां रह-रहकर जीवन संकट का कारण बनती रहेगी। इसीलिये विश्व पृथ्वी दिवस की आज ज्यादा प्रासंगिकता एवं उपयोगिता है। यह दीर्घकालिक परिवर्तन को संभव बनाने की दिशा में काम करेगा क्योंकि यह पर्यावरण जागरूकता की संस्कृति को विकसित करता है और वर्तमान और भविष्य की पीढ़ियों को पृथ्वी का सक्रिय संरक्षक बनने के लिए सशक्त बनाता है। जिस पृथ्वी को हम माँ का दर्जा देते हैं उसे हम खुद अपने ही हाथों दूषित करने में कैसे लगे रहते हैं? आज जलवायु परिवर्तन पृथ्वी के लिए सबसे बड़ा संकट बन गया है। अगर पृथ्वी के अस्तित्व पर ही प्रश्नचिन्ह लग जाए तो मानव जीवन कैसे सुरक्षित एवं संरक्षित रहेगा? पृथ्वी है तो सारे तत्व हैं, इसलिये पृथ्वी अनमोल तत्व है। इसी पर आकाश है, जल, अग्नि, और हवा है। इन सबके मेल से प्रकृति की संरचना सुन्दर एवं जीवनमय होती है। अपने-अपने स्वार्थ के लिए पृथ्वी पर अत्याचार रोकना होगा और कार्बन उत्सर्जन में कटौती पर ध्यान केंद्रित करना होगा। अतिशयोक्तिपूर्ण ढ़ंग से औद्योगिक क्रांति पर नियंत्रण करना होगा, क्योंकि उन्हीं के कारण कार्बन उत्सर्जन और दूसरी तरह के प्रदूषण में बढ़ोतरी हुई है। वर्तमान परिप्रेक्ष्य में कई प्रजाति के जीव-जंतु, प्राकृतिक स्रोत एवं वनस्पति विलुप्त हो रहे हैं, जिससे पृथ्वी असंतुलित हो रही है। विलुप्त होते जीव-जंतु और वनस्पति की रक्षा के लिये विश्व-समुदाय को जागरूक करने के लिये ही इस दिवस को मनाया जाता है। आज चिन्तन का विषय न तो रूस-यूक्रेन युद्ध है, न अमेरिका का टैरिफ वार है और न मानव अधिकार, न कोई विश्व की राजनैतिक घटना और न ही किसी देश की रक्षा का मामला है। चिन्तन एवं चिन्ता का एक ही मामला है लगातार विकराल एवं भीषण आकार ले रही गर्मी, सिकुड़ रहे जलस्रोत, विनाश की ओर धकेली जा रही पृथ्वी एवं प्रकृति के विनाश के प्रयास। बढ़ती जनसंख्या, बढ़ता प्रदूषण, नष्ट होता पर्यावरण, दूषित गैसों से छिद्रित होती ओजोन की ढाल, प्रकृति एवं पर्यावरण का अत्यधिक दोहन- ये सब पृथ्वी एवं पृथ्वीवासियों के लिए सबसे बड़े खतरे हैं और इन खतरों का अहसास करना ही विश्व पृथ्वी दिवस का ध्येय है। प्रतिवर्ष धरती का तापमान बढ़ रहा है। आबादी बढ़ रही है, जमीन छोटी पड़ रही है। हर चीज की उपलब्धता कम हो रही है। आक्सीजन की कमी हो रही है। साथ ही साथ हमारा सुविधावादी नजरिया एवं जीवनशैली पृथ्वी और उसके पर्यावरण एवं प्रकृति के लिये एक गंभीर खतरा बन कर प्रस्तुत हो रहा हैं।जल, जंगल और जमीन इन तीन तत्वों से पृथ्वी और प्रकृति का निर्माण होता है। यदि यह तत्व न हों तो पृथ्वी और प्रकृति इन तीन तत्वों के बिना अधूरी है। विश्व में ज्यादातर समृद्ध देश वही माने जाते हैं जहां इन तीनों तत्वों का बाहुल्य है। आधुनिकीकरण के इस दौर में जब इन संसाधनों का अंधाधुन्ध दोहन हो रहा है तो ये तत्व भी खतरे में पड़ गए हैं। अनेक शहर पानी की कमी से परेशान हैं। कत्लखानों में कटती गायों की निरीह आहें जिसे बेचैन कर देती थी। जो वन्य पशु-पक्षियों को खदेड़कर अपनी बस्तियों बनाने का बौना स्वार्थ नहीं पालता था। अब वही मनुष्य अपने स्वार्थ एवं सुविधावाद के लिये सही तरीके से प्रकृति का संरक्षण न कर पा रहा है और उसके कारण बार-बार प्राकृतिक आपदाएं कहर बरपा रही है। रेगिस्तान में बाढ़ की बात अजीब है, लेकिन हमने राजस्थान में अनेक शहरों में बाढ़ की विकराल स्थिति को देखा हैं। वह दिन दूर नहीं होगा, जब हमें शुद्ध पानी, शुद्ध हवा, उपजाऊ भूमि, शुद्ध वातावरण एवं शुद्ध वनस्पतियाँ नहीं मिल सकेंगी। इन सबके बिना हमारा जीवन जीना मुश्किल हो जायेगा। आज पॉलीथीन पृथ्वी के लिये सबसे बड़ा सिरदर्द बन गई है। इसके नष्ट न होने के कारण भूमि की उर्वरक क्षमता खत्म हो रही है। इनको जलाने से निकलने वाला धुआँ ओजोन परत को भी नुकसान पहुँचाता है जो ग्लोबल वार्मिंग का बड़ा कारण है। देश में प्रतिवर्ष लाखों पशु-पक्षी पॉलीथीन के कचरे से मर रहे हैं।

# अमितशाह हैं संकटमोचन, संगठनशिल्पी एवं भाजपा के लौहपुरुष

ਹਰ ਮਨੁੱਖ ਦੀ ਜ਼ਿੰਦਗੀ ਵਿੱਚ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਬਹੁਤ ਕੁਝ ਅਜਿਹਾ ਵਾਪਰਦਾ ਹੈ ਜਿਹੜਾ ਯਾਦਾਂ ਬਣ ਕੇ ਹਮੇਸ਼ਾ ਲਈ ਮਨੁੱਖ ਦੀ ਜ਼ਿੰਦਗੀ ਨਾਲ ਜੁੜ ਜਾਂਦਾ ਹੈ।ਇਹਨਾਂ ਯਾਦਾਂ ਵਿੱਚੋਂ ਹੀ ਕੁਝ ਯਾਦਾਂ ਕੌੜੀਆਂ ਤੇ ਕੁਝ ਮਿੱਠੀਆਂ ਹੁੰਦੀਆਂ ਹਨ।ਪਰ ਕਈ ਯਾਦਾਂ ਕੌੜੀਆਂ ਹੋਣ ਦੇ ਬਾਵਜੂਦ ਵੀ ਮਨੁੱਖ ਦੇ ਮਨ ਨੂੰ ਇੱਕ ਅਜੀਬ ਜਿਹਾ ਸੁਖ਼ਦ ਅਹਿਸਾਸ ਦਿੰਦੀਆਂ ਹਨ।ਅਜਿਹੀ ਹੀ ਇੱਕ ਯਾਦ ਮੇਰੇ ਮਿੱਤਰ ਤੇ ਕੁਲੀਗ ਨਿਧਾਨ ਸਿੰਘ ਦੀ ਜ਼ਿੰਦਗੀ ਨਾਲ ਜੁੜੀ ਹੋਈ ਹੈ ਜਿਸ ਨੂੰ ਯਾਦ ਕਰਕੇ ਅਸੀਂ ਅਕਸਰ ਬਹੁਤ ਹੱਸਦੇ ਹਾਂ। ਨਿਧਾਨ ਸਿੰਘ ਦੇ ਦੱਸਣ ਮੁਤਾਬਿਕ ਇਹ ਗੱਲ ਅੱਸੀ ਤੋਂ ਨੱਬੇ ਵਾਲੇ ਦਹਾਕੇ ਦੇ ਅਖੀਰਲੇ ਸਾਲਾਂ ਦੀ ਹੈ ਉਸ ਵੇਲੇ ਸ਼ਾਇਦ ਉਹ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ।ਉਹਨਾਂ ਦਿਨਾਂ ਵਿੱਚ ਉਹਨਾਂ ਦੇ ਘਰ ਉਸਦੇ ਵੱਡੇ ਭਰਾ ਅਮਰ ਸਿੰਘ ਨੂੰ ਰਿਸ਼ਤੇ ਵਾਲੇ ਵੇਖਣ ਅਕਸਰ ਆਉਂਦੇ ਰਹਿੰਦੇ ਸਨ।ਇਸ ਲਈ ਜਦੋਂ ਵੀ ਕੋਈ ਪਰਿਵਾਰ ਨਿਧਾਨ ਸਿੰਘ ਦੇ ਭਰਾ ਨੂੰ ਰਿਸ਼ਤੇ ਵਾਸਤੇ ਵੇਖਣ ਲਈ ਆਉਂਦਾ ਤਾਂ ਨਿਧਾਨ ਸਿੰਘ ਦੀ ਡਿਊਟੀ ਆਏ ਹੋਏ ਮਹਿਮਾਨਾਂ ਦੀ ਖਾ ?ਤਰਦਾਰੀ ਕਰਨ ਲਈ ਲੱਗਦੀ ਹੁੰਦੀ ਸੀ।ਪਿੰਡ ਸ਼ਹਿਰ ਤੋਂ ਦੂਰ ਹੋਣ ਕਰਕੇ ਬਹੁਤੀਆਂ ਚੀਜ਼ਾਂ ਤਾਂ ਪਿੰਡ ਵਿੱਚ ਨਹੀਂ ਮਿਲਦੀਆਂ ਸਨ।ਇਸ ਲਈ ਸੌਦਾ ਪੱਤਾ ਤੇ ਹੋਰ ਮਹਿਮਾਨ ਨਿਵਾਜ਼ੀ ਦਾ ਸਮਾਨ ਖਰੀਦਣ ਲਈ ਉਹਨਾਂ ਨੂੰ ਅਕਸਰ ਆਪਣੇ ਨੇੜਲੇ ਸ਼ਹਿਰ ਸਰਦੂਲਗੜ੍ਹ ਜਾਣਾ ਪੈਂਦਾ ਸੀ। ਉਹਨਾਂ ਵੇਲਿਆਂ ਵਿੱਚ ਪਿੰਡ ਤੋਂ ਸ਼ਹਿਰ ਤੱਕ ਕੋਈ ਬੱਸ ਸਰਵਿਸ ਵੀ ਨਹੀਂ ਹੁੰਦੀ ਸੀ ਤੇ ਸ਼ਹਿਰ ਆਉਣ ਜਾਣ ਲਈ ਪੀਟਰ ਰੇਹੜੇ (ਘੜੁੱਕੇ) ਹੀ ਹੁੰਦੇ ਸਨ। ਭਾਵੇਂ ਸਰਕਾਰ ਵੱਲੋਂ ਇਹਨਾਂ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ ਤੇ ਡੀਟੀਓ ਇਹਨਾਂ ਨੂੰ ਫ਼ੜ ਕੇ ਚਲਾਨ ਕੱਟ ਦਿੰਦਾ ਸੀ।ਪਰ ਫਿਰ ਵੀ ਇੱਧਰ ਹਰਿਆਣਾ ਬਾਰਡਰ ਦੇ ਲਾਗਲੇ ਪਿੰਡਾਂ ਵਿੱਚ ਖੇਤੀ ਦੇ ਕੰਮਾਂ ਤੇ ਹੋਰ ਢੋਆ ਢੁਆਈ ਲਈ ਇਹ ਚੱਲਦੇ ਰਹਿੰਦੇ ਸਨ। ਉਹਨਾਂ ਦਿਨਾਂ ਵਿੱਚ ਹੀ ਇੱਕ ਦਿਨ ਗੁਆਂਢੀ ਰਾਜ ਹਰਿਆਣੇ ਵਿੱਚੋਂ ਕਿਸੇ ਪਰਿਵਾਰ ਦੇ ਬੰਦਿਆਂ ਨੇ ਨਿਧਾਨ ਸਿੰਘ ਦੇ ਭਰਾ ਨੂੰ ਵੇਖਣ ਆਉਣਾ ਸੀ। ਉਹਨਾਂ ਨੇ ਆਪਣੇ ਆਉਣ ਦਾ ਸਮਾਂ ਭਾਵੇਂ ਦੁਪਹਿਰ ਗਿਆਰਾਂ ਬਾਰ੍ਹਾਂ ਵਜੇ ਦਾ ਦਿੱਤਾ ਸੀ ਪਰ ਉਹ ਸਵੇਰੇ ਦਸ ਵਜਦੇ ਨੂੰ ਹੀ ਪਿੰਡ ਪਹੁੰਚ ਗਏ ਸਨ।ਉਹ ਪਰਿਵਾਰ ਸਰਦਾ ਵਰਦਾ ਸੀ ਤੇ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਸ਼ਾਇਦ ਕਿਸੇ ਸਰਕਾਰੀ ਮਹਿਕਮੇ ਵਿੱਚ ਉੱਚੇ ਅਹੁਦੇ ਤੇ ਨੌਕਰੀ ਲੱਗਿਆ ਹੋਇਆ ਸੀ।ਜਿਸ ਕਰਕੇ ਹੀ ਉਹ ਉਹਨਾਂ ਵੇਲਿਆਂ ਵਿੱਚ ਇੱਕ ਆਮ ਪੇਂਡੂ ਜਿਹੇ ਮੁੰਡੇ ਨੂੰ ਅੰਬੈਸਡਰ ਕਾਰ ਤੇ ਵੇਖਣ ਆਏ ਸਨ। ਸ਼ਾਇਦ ਅੰਬੈਸਡਰ ਕਾਰ ਤੇ ਆਉਣ ਕਰਕੇ ਹੀ ਉਹ ਦਿੱਤੇ ਹੋਏ ਸਮੇਂ ਤੋਂ ਪਹਿਲਾਂ ਹੀ ਪਿੰਡ ਪਹੁੰਚ ਗਏ ਸਨ। ਉਹਨਾਂ ਦਿਨਾਂ ਵਿੱਚ ਕਾਰ ਤਾਂ ਪਿੰਡ ਵਿੱਚ ਕਿਸੇ ਵਿਰਲੇ ਟਾਂਵੇਂ ਪਰਿਵਾਰ ਕੋਲ ਹੀ ਹੁੰਦੀ ਸੀ ਪਰ ਅੰਬੈਸਡਰ ਕਾਰ ਤਾਂ ਕਿਸੇ ਕੋਲ ਪਿੰਡਾਂ ਵਿੱਚ ਹੁੰਦੀ ਹੀ ਨਹੀਂ ਸੀ।ਇਸ ਕਾਰ ਨੂੰ ਤਾਂ ਉਸ ਸਮੇਂ ਆਮ ਲੋਕ ਪਿੰਡਾਂ ਵਿੱਚ ਅਫਸਰਾਂ ਜਾਂ ਲੀਡਰਾਂ ਦੀ ਕਾਰ ਕਿਹਾ ਕਰਦੇ ਸਨ।ਇਸ ਲਈ ਜਦੋਂ ਅੰਬੈਸਡਰ ਕਾਰ ਪਿੰਡ ਵਿੱਚ ਆਈ ਤਾਂ ਆਂਢ ਗੁਆਂਢ ਦੇ ਲੋਕ ਘਰਾਂ ਤੋਂ ਬਾਹਰ ਆ ਕੇ ਵੇਖਣ ਲੱਗ ਪਏ ਸਨ। ਉਹਨਾਂ ਨੂੰ ਸ਼ਾਇਦ ਲੱਗਿਆ ਕਿ ਅਵਤਾਰ ਸਿਉਂ ਕੇ ਘਰ ਕੋਈ ਵੱਡਾ ਅਫ਼ਸਰ ਆਇਆ ਹੈ।ਇਸ ਤਰ੍ਹਾਂ ਅਚਾਨਕ ਸਮੇਂ ਤੋਂ ਪਹਿਲਾਂ ਮਹਿਮਾਨਾਂ ਦੇ ਆਉਣ ਨਾਲ ਨਿਧਾਨ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਸਾਰੀ ਤਿਆਰੀ ਹਿੱਲ ਗਈ ਸੀ।ਨਿਧਾਨ ਸਿੰਘ ਤਾਂ ਅਜੇ ਆਪਣੇ ਬਾਪੂ ਜੀ ਨਾਲ ਬੈਠਕ ਵਿੱਚ ਮੰਜੇ ਕੁਰਸੀਆਂ ਵਗੈਰਾ ਹੀ ਸੈਟ ਕਰ ਰਿਹਾ ਸੀ ਜਦੋਂ ਰਿਸ਼ਤੇ ਵਾਲੇ ਘਰ ਆਣ ਪਹੁੰਚੇ ਸਨ।ਜਿਸ ਮੁੰਡੇ ਨੂੰ ਉਹ ਵੇਖਣ ਆਏ ਸਨ ਉਹ ਤਾਂ ਅਜੇ ਘੰਟਾ ਕੁ ਪਹਿਲਾਂ ਹੀ ਸ਼ਹਿਰ ਮਹਿਮਾਨਾਂ ਦੀ ਖਾ ?ਤਰਦਾਰੀ ਲਈ ਸਮਾਨ ਲੈਣ ਗਿਆ ਸੀ।ਇਸ ਤਰ੍ਹਾਂ ਮਹਿਮਾਨਾਂ ਦੇ ਜਲਦੀ ਆਉਣ ਤੇ ਨਿਧਾਨ ਸਿੰਘ ਦੇ ਬਾਪੂ ਜੀ ਨੇ ਨਿਧਾਨ ਨੂੰ ਆਪਣੇ ਕੋਲ ਬੁਲਾ ਕੇ ਕਿਹਾ, ਨਿਧਾਨ ਪੁੱਤ ਸਾਈਕਲ ਚੁੱਕ ਤੇ ਜਲਦੀ ਸ਼ਹਿਰ ਜਾਹ ਕੇ ਆਪਣੇ ਭਰਾ ਅਮਰ ਨੂੰ ਲੈ ਆ। ਜਦੋਂ ਮੁੰਡੇ ਦੇ ਸ਼ਹਿਰ ਜਾਣ ਬਾਰੇ ਵਿਚੋਲੇ ਨੂੰ ਪਤਾ ਲੱਗਿਆ ਤਾਂ ਉਸਨੇ ਨਿਧਾਨ ਸਿੰਘ ਦੇ ਬਾਪੂ ਜੀ ਨੂੰ ਕਿਹਾ ਸਰਦਾਰ ਜੀ, ਸਾਈਕਲ ਤੇ ਕਿਉਂ ਜਾਣਾ ਹੈ ਆਹ ਆਪਣੀ ਕਾਰ ਲੈ ਕੇ ਜਾਓ ਮੈਂ ਡਰਾਈਵਰ ਨੂੰ ਕਹਿ ਦਿੰਦਾ ਹਾਂ। ਵਿਚੋਲੇ ਦੀ ਗੱਲ ਸੁਣ ਕੇ ਕੁੜੀ ਵਾਲੇ ਪਰਿਵਾਰ ਦੇ ਇੱਕ ਦੋ ਬੰਦਿਆਂ ਨੇ ਵੀ ਹਾਮੀਂ ਭਰ ਦਿੱਤੀ ਸੀ।ਕਾਰ ਤੇ ਸ਼ਹਿਰ ਜਾਣ ਦਾ ਸੁਣ ਕੇ ਨਿਧਾਨ ਸਿੰਘ ਦੇ ਦਿਲ ਵਿੱਚ ਖੁਸੀ ? ਦੀਆਂ ਫੁਹਾਰਾਂ ਫੁੱਟ ਪਈਆਂ ਸਨ।ਕਾਰ ਵਿੱਚ ਬੈਠ ਕੇ ਪਹਿਲਾਂ ਤਾਂ ਨਿਧਾਨ ਸਿੰਘ ਨੇ ਪਿੰਡ ਵਿੱਚ ਆਪਣੀ ਟੌਹਰ ਬਣਾਉਣ ਲਈ ਦੋ ਤਿੰਨ ਗੇੜੇ ਤਾਂ ਐਵੇਂ ਹੀ ਪਿੰਡ ਦੀਆਂ ਗਲੀਆਂ ਵਿੱਚ ਡਰਾਈਵਰ ਤੋਂ ਦਵਾ ਦਿੱਤੇ ਸਨ।ਉਸ ਤੋਂ ਬਾਅਦ ਜਦ ਉਹ ਸ਼ਹਿਰ ਵੱਲ ਨੂੰ ਜਾ ਰਹੇ ਸਨ ਤਾਂ ਉਹ ਅਜੇ ਪਿੰਡ ਤੋਂ ਦੋ ਢਾਈ ਕਿਲੋਮੀਟਰ ਦੂਰ ਹੀ ਗਏ ਸਨ ਕਿ ਸਾਹਮਣੇ ਤੋਂ ਸਵਾਰੀਆਂ ਨਾਲ ਭਰਿਆ ਪੀਟਰ ਰੇਹੜਾ ਆਉਂਦਾ ਦਿਖਾਈ ਦਿੱਤਾ ਤੇ ਡਰਾਈਵਰ ਦੇ ਨਾਲ ਵਾਲੀ ਸੀਟ ਤੇ ਨਿਧਾਨ ਸਿੰਘ ਦਾ ਭਰਾ ਅਮਰ ਸਿੰਘ ਬੈਠਾ ਸੀ।ਪੀਟਰ ਰੇਹੜੇ ਦੇ ਥੋੜ੍ਹਾ ਨੇੜੇ ਆਉਣ ਤੇ ਨਿਧਾਨ ਸਿੰਘ ਨੇ ਉਸ ਦੇ ਡਰਾਈਵਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਸ ਨੇ ਪੀਟਰ ਰੇਹੜਾ ਨਾ ਰੋਕਿਆ ਸਗੋਂ ਤੇਜ਼ੀ ਨਾਲ ਕਾਰ ਕੋਲ ਦੀ ਲੰਘਾ ਕੇ ਲੈ ਗਿਆ।ਲਿੰਕ ਸੜਕ ਦੇ ਦੋਵੇਂ ਪਾਸੀਂ ਡੂੰਘੇ ਖਾਲ ਹੋਣ ਕਰਕੇ ਕਾਰ ਉੱਥੋਂ ਇੱਕਦਮ ਬੈਕ ਨਹੀਂ ਹੋਈ ਤੇ ਉਹਨਾਂ ਅਗਾਂਹ ਜਾ ਕੇ ਕਾਰ ਮੋੜ ਕੇ ਵਾਪਸ ਪੀਟਰ ਰੇਹੜੇ ਮਗਰ ਲਾਈ।ਜਦ ਪੀਟਰ ਰੇਹੜੇ ਦੇ ਡਰਾਈਵਰ ਨੂੰ ਪਿੱਛਾ ਕਰਦੀ ਕਾਰ ਦਾ ਪਤਾ ਲੱਗਿਆ ਤਾਂ ਉਸ ਨੇ ਰੁਕਣ ਦੀ ਬਜਾਏ ਪੀਟਰ ਰੇਹੜੇ ਨੂੰ ਹੋਰ ਤੇਜ਼ ਭਜਾ ਲਿਆ।ਜਦ ਕਾਰ ਪੀਟਰ ਰੇਹੜੇ ਦੇ ਨੇੜੇ ਪਹੁੰਚਣ ਲੱਗੀ ਤਾਂ ਡਰਾਈਵਰ ਨੇ ਸਵਾਰੀਆਂ ਦਾ ਭਰਿਆ ਪੀਟਰ ਰੇਹੜਾ ਕੱਚੀ ਪਹੀ ਵੱਲ ਮੋੜ ਦਿੱਤਾ ਸੀ।ਉਸ ਤੋਂ ਬਾਅਦ ਜਦ ਨਿਧਾਨ ਸਿੰਘ ਨੇ ਕਾਰ ਵਿੱਚੋਂ ਉੱਤਰ ਕੇ ਉਹਨਾਂ ਨੂੰ ਰੁਕਣ ਵਾਸਤੇ ਉੱਚੀ ਉੱਚੀ ਆਵਾਜ਼ਾਂ ਦਿੱਤੀਆਂ ਤਾਂ ਅਮਰ ਸਿੰਘ ਨੇ ਆਪਣੇ ਭਰਾ ਨੂੰ ਪਛਾਣ ਕੇ ਮਸਾਂ ਡਰਾਈਵਰ ਤੋਂ ਪੀਟਰ ਰੇਹੜਾ ਰੁਕਵਾਇਆ।ਫਿਰ ਜਦ ਨਿਧਾਨ ਸਿੰਘ ਨੇ ਕੋਲ ਆ ਕੇ ਆਪਣੇ ਭਰਾ ਤੇ ਡਰਾਈਵਰ ਤੋਂ ਪੀਟਰ ਰੇਹੜਾ ਨਾ ਰੋਕਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਤਾਂ ਇਹ ਸੀ ਵੀ ਕਿਤੇ ਡੀਟੀਓ ਪੀਟਰ ਰੇਹੜਾ ਫ਼ੜਨ ਆਇਆ ਹੈ ਤਾਂ ਹੀ ਅਸੀਂ ਪੀਟਰ ਰੇਹੜਾ ਨਹੀਂ ਰੋਕ ਰਹੇ ਸੀ।ਸਾਰੀ ਗੱਲ ਸੁਨਣ ਮਗਰੋਂ ਪੀਟਰ ਰੇਹੜੇ ਵਿੱਚ ਸਵਾਰ ਸਵਾਰੀਆਂ ਹੱਸ ਹੱਸ ਕੇ ਲੋਟ ਪੋਟ ਹੋ ਰਹੀਆਂ ਸਨ। ਉਸ ਤੋਂ ਬਾਅਦ ਘਰ ਆ ਕੇ ਜਦ ਨਿਧਾਨ ਸਿੰਘ ਨੇ ਸਾਰੀ ਕਹਾਣੀ ਮਹਿਮਾਨਾਂ ਸਮੇਤ ਆਪਣੇ ਘਰਦਿਆਂ ਨੂੰ ਸੁਣਾਈ ਤਾਂ ਉਹ ਵੀ ਖ਼ੂਬ ਹੱਸੇ ਉਹ ਰਿਸ਼ਤਾ ਭਾਵੇਂ ਉਸ ਦਿਨ ਨੇਪਰੇ ਨਹੀਂ ਚੜ੍ਹਿਆ ਪਰ ਉਸ ਰਿਸ਼ਤੇ ਵੇਲੇ ਵਾਪਰੀ ਇਸ ਘਟਨਾ ਨੂੰ ਅੱਜ ਵੀ ਜਦੋਂ ਕਦੇ ਅਸੀਂ ਯਾਦ ਕਰਦੇ ਹਾਂ ਤਾਂ ਬਹੁਤ ਹੱਸਦੇ ਹਾਂ।

## ਸਮਾਜ

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050

ਹਰ ਤਸਵੀਰ ਦੇ ਦੋ ਪਾਸੇ ਹੁੰਦੇ ਨੇ ਤੇ ਹਰ ਕਹਾਣੀ ਦੇ ਦੋ ਪਹਿਲੂ। ਨਿਰਭਰ ਸਾਡੇ ’ਤੇ ਕਰਦੈ ਕਿ ਅਸੀਂ ਵੇਖਣਾ ਕਿੰਝ ਹੈ ਤੇ ਹੱਲ ਕਿੱਦਾਂ ਕਰਨੈ । ਕੁੱਝ ਮੁੱਦੇ ਦਬਾ ਕੇ, ਜੇ ਕਿਸੇ ਦਾ ਭਲਾ ਹੁੰਦਾ ਹੋਵੇ ਤਾਂ ਵਿਚਾਰ ਕਰ ਲੈਣਾ ਚਾਹੀਦੈ । ਕੁਝ ਕਾਰਜ ਸਮਾਜ ਜਾਂ ਕਾਨੂੰਨ ਦੀਆਂ ਨਜ਼ਰਾਂ ’ਚ ਗੈਰ ਕਾਨੂੰਨੀ ਅਤੇ ਮਾੜੇ ਹੁੰਦੇ ਨੇ ਪਰ ਪਰਿਵਾਰ ਦੀ ਭਲਾਈ ਜਾਂ ਸਮਾਜ ਨੂੰ ਬੰਨ ਕੇ ਰੱਖਣ ਲਈ ਉਹਨਾਂ ਦੇ ਹੱਕ ਵਿੱਚ ਵੀ ਖਲੋਣਾ ਪੈਂਦੈ । ਜਿਵੇਂ ਝੂਠ ਬੋਲਣਾ ਮਾੜਾ ਜਾਂ ਪਾਪ ਸਮਝਿਆ ਜਾਂਦੈ ਪਰ ਕਈ ਵਾਰ ਕਿਸੇ ਦੀ ਭਲਾਈ ਜਾਂ ਚੰਗੇਰੇ ਕਾਰਜ ਲਈ ਬੋਲਿਆ ਝੂਠ ਸੱਚ ਨਾਲੋਂ ਵੀ ਜਿਆਦਾ ਕਾਰਗਰ ਹੋ ਨਿਬੜਦੈ ।

ਹੋਇਆ ਇੰਝ ਕਿ ਇੱਕ ਦਿਨ ਦਫਤਰ ਵਿੱਚ ਬੈਠੇ ਸਾਂ। ਇੱਕ ਆਂਗਨਵਾੜੀ ਵਰਕਰ ਨੇ ਆ ਕੇ ਸ਼ਿਕਾਇਤ ਦਿੱਤੀ ਕਿ ਫਲਾਂ ਪਿੰਡ ਦੇ ਇੱਕ ਪਰਿਵਾਰ ਵਿੱਚ ਕੋਈ ਮੰਦ ਬੁੱਧੀ ਔਰਤ ਰਹਿ ਰਹੀ ਹੈ ਤੇ ਉਸਦੇ ਅੱਠ ਬੱਚੇ ਹਨ । ਪਰ ਬੱਚਿਆਂ ਦੀ ਹਾਲਤ ਬੜੀ ਤਰਸਯੋਗ ਹੈ। ਉਨਾਂ ਦੀ ਸੰਭਾਲ ਕੀਤੀ ਜਾਵੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਸੀਂ ਪਹਿਲਾਂ ਪੜਤਾਲ ਕਰਾਉਣੀ ਜਰੂਰੀ ਸਮਝੀ। ਟੀਮ ਨੂੰ ਘੱਲ ਕੇ ਸਬੰਧਤ ਪਿੰਡ ਵਿੱਚ ਉਸਦੇ ਘਰ ਅਤੇ ਆਲੇ ਦੁਆਲੇ ਦੀ ਪੜਤਾਲ ਕੀਤੀ ਗਈ। ਵਾਕਏ ਹੀ ਘਰ ਦੀ ਹਾਲਤ ਬੜੀ ਤਰਸਯੋਗ ਸੀ। ਘਰ ਦੀ ਗੁਰਬਤ ਆਪਣੀ ਕਹਾਣੀ ਆਪ ਬਿਆਨ ਕਰ ਰਹੀ ਸੀ। ਪੱਖ ਸੁਣਨ ਅਤੇ ਮਸਲੇ ਦੀ ਤਹਿ ਤੱਕ ਜਾਣ ਲਈ ਘਰ ਦੇ ਜੀਆਂ ਨੂੰ ਬਾਲਾਂ ਸਮੇਤ ਦਫਤਰ ਬੁਲਾਇਆ ਗਿਆ।

ਬੱਚਿਆਂ ਦੀ ਮਾਂ ਅਧੇੜ ਉਮਰ ਦੀ ਮੰਦ ਬੁੱਧੀ ਤ੍ਰੀਮਤ ਸੀ। ਉਸਦੇ ਅੱਠ ਬੱਚੇ ਸਨ ਅਤੇ ਉਹ ਫਿਰ ਤੋਂ ਗਰਭਵਤੀ ਸੀ। ਉਸ ਦੇ ਨਾਲ ਦੋ ਮਰਦ ਆਏ ਸਨ- ਇੱਕ ਉਸਦਾ ਘਰ ਵਾਲਾ ਅਤੇ ਦੂਜਾ ਜੇਠ ਲੱਗਦਾ ਸੀ। ਘਰ ਵਾਲਾ ਸ਼ਰਾਬੀ ਅਤੇ ਕੰਮਕਾਰ ਵੀ ਘੱਟ ਵੱਧ ਹੀ ਕਰਦਾ ਸੀ। ਜੋ ਕਮਾ ਲਿਆ, ਸੋ ਖਾ ਲਿਆ। ਘਰ ਅਤੇ ਬੱਚਿਆਂ ਦਾ ਕੋਈ ਫਿਕਰ ਫਾਕਾ ਨਹੀਂ ਸੀ। ਔਰਤ ਨੇ ਪੁੱਛਗਿਛ ਦੌਰਾਨ ਦੱਸਿਆ ਕਿ ਉਸਦੇ ਜੇਠ ਨਾਲ ਹੀ ਸੰਬੰਧ ਹਨ। ਘਰ ਵਾਲਾ ਤਾਂ ਕਈ ਕਈ ਦਿਨ ਘਰ ਹੀ ਨਹੀਂ ਵੜਦਾ। ਇਹ ਬੱਚੇ ਵੀ ਇਸ ਦੇ ਹੀ ਨੇ। ਦਿਮਾਗ ਅਤੇ ਸੂਰਤ ਪੱਖੋਂ ਅਸਾਧਾਰਨ ਹੋਣ ਕਰਕੇ ਉਹ ਇੱਕ ਤਰ੍ਹਾਂ ਨਾਲ ਜੇਠ ਤੇ ਇਲਜ਼ਾਮ ਹੀ ਲਗਾ ਰਹੀ ਸੀ। ਸਾਡੇ ਬਾਕੀ ਮੈਂਬਰ ਉਸ ਔਰਤ ਦੇ ਜੇਠ ’ਤੇ ਸਰੀਰਕ ਸ਼ੋਸ਼ਣ ਦਾ ਪਰਚਾ ਦਰਜ ਕਰਾਉਣ ਲਈ ਕਹਿ ਰਹੇ ਸਨ। ਪਰ ਮੈਂ ਉਥੋਂ ਦੇ ਹਾਲਾਤ ਨੂੰ ਬੜੀ ਗਹੁ ਨਾਲ ਵਾਚ ਰਿਹਾ ਸਾਂ ਅਤੇ ਕਿਸੇ ਨਤੀਜੇ ’ਤੇ ਪੁੱਜਣ ਤੋਂ ਪਹਿਲਾਂ ਹੋਰ ਸਮਝਣਾ ਚਾਹੁੰਦਾ ਸਾਂ। ਉਸ ਦਾ ਪਤੀ ਅਤੇ ਜੇਠ ਦੋਵੇਂ ਨੀਵੀਂ ਪਾਈ ਬੈਠੇ ਸਨ। ਜਿਵੇਂ ਉਹਨਾਂ ਉੱਤੇ ਕਿਸੇ ਗੱਲ ਦਾ ਅਸਰ ਹੀ ਨਾ ਹੋਇਆ ਹੋਵੇ । ਮੈਨੂੰ ਉਮੀਦ ਸੀ ਕਿ ਇਸ ਧੱਕੇ ਨੂੰ ਸੁਣ ਕੇ ਉਸ ਦਾ ਪਤੀ ਵਿਰੋਧ ਕਰੇਗਾ, ਪਰ ਉਸ ਦੀ ਚੁੱਪ ਉਸਦੀ ਸਹਿਮਤੀ ਨੂੰ ਦਰਸਾ ਰਹੀ ਸੀ ਤੇ ਕਈ ਕੁਝ ਸਪਸ਼ਟ ਹੁੰਦਾ ਨਜ਼ਰ ਆ ਰਿਹਾ ਸੀ।

ਅਸੀਂ ਸਭ ਤੋਂ ਪਹਿਲਾਂ ਤਾਂ ਉਸਦੇ ਬੱਚਿਆਂ ਨੂੰ ਅਗਲੇਰੇ ਚੰਗੇ ਭਵਿੱਖ ਲਈ ਬਾਲ ਘਰ ਵਿੱਚ ਛੱਡਣ ਦਾ ਪ੍ਰਬੰਧ ਕੀਤਾ। ਹਸਪਤਾਲ ਵਿੱਚ ਉਸ ਔਰਤ ਦਾ ਜਣੇਪਾ ਹੋ ਜਾਣ ਤੋਂ ਬਾਅਦ ਨਸਬੰਦੀ ਕਰਾਉਣ ਅਤੇ ਉਸਦਾ ਇਲਾਜ ਕਰਾਉਣ ਬਾਰੇ ਵੀ ਲਿਖਿਆ। ਇਸ ਸਾਰੇ ਮਸਲੇ ਦੀ ਤੰਦ ਖੋਲ੍ਹਦਿਆਂ ਉਸ ਆਂਗਣਵਾੜੀ ਵਰਕਰ ਨੇ ਦੱਸਿਆ ਕਿ ਇਸ ਔਰਤ ਦੇ ਜੇਠ ਦਾ ਆਚਰਣ ਪਿੰਡ ਅਤੇ ਚੌਗਰਦੇ ਵਿੱਚ ਬਹੁਤ ਹੀ ਚੰਗਾ ਹੈ। ਕਦੇ ਵੀ ਇਸਦੀ ਕੋਈ ਸ਼ਿਕਾਇਤ ਨਹੀਂ ਸੁਣੀ। ਇਸ ਨੇ ਆਪਣੇ ਭਰਾ ਦੇ ਪਰਿਵਾਰ ਦੀ ਹਾਲਤ ਦੇਖਦੇ ਹੋਏ ਆਪਣਾ ਵਿਆਹ ਵੀ ਨਹੀਂ ਕਰਵਾਇਆ । ਮਿਹਨਤ ਨਾਲ ਜੋ ਵੀ ਕਮਾਉਂਦਾ ਹੈ, ਇਹਨਾਂ ਬੱਚਿਆਂ ’ਤੇ ਹੀ ਖਰਚ ਕਰਦਾ। ਬੱਚੇ ਵੀ ਇਸਨੂੰ ਤਾਏ ਦੀ ਬਜਾਏ ਭਾਪਾ ਆਖ ਕੇ ਹੀ ਬੁਲਾਉਂਦੇ ਨੇ। ਅਸੀਂ ਵੇਖਿਆ ਕਿ ਬੱਚੇ ਵੀ ਆਪਣੇ ਪਿਓ ਨੂੰ ਛੱਡ ਕੇ ਤਾਏ ਨਾਲ ਹੀ ਲਾਡ ਲਡਾ ਰਹੇ ਸਨ। ਮੈਨੂੰ ਉਸ ਦੀ ਗੱਲ ਸੁਣਦਿਆਂ ਪੁਰਾਤਨ ਪਰਿਵਾਰਾਂ ਦਾ ਢਾਂਚਾ ਚੇਤੇ ਆ ਰਿਹਾ ਸੀ, ਜਿੱਥੇ ਪੰਜ ਸੱਤ ਭਰਾ ਹੁੰਦੇ ਸਨ ਤੇ ਜਾਇਦਾਦ ਦੀ ਵੰਡ ਤੋਂ ਡਰਦੇ ਇੱਕ ਹੀ ਵਿਆਹਿਆ ਜਾਂਦਾ ਸੀ ਤੇ ਬਾਕੀ ਸਾਰੇ ਛੜੇ ਰਹਿੰਦੇ ਸੀ। ਨਿਆਣੇ ਵੀ ਸਭ ਨੂੰ ਚਾਚਾ ਹੀ ਆਂਹਦੇ ਸਨ, ਭਾਪਾ ਕਿਸੇ ਨੂੰ ਵੀ ਨਹੀਂ। ਕਦੇ ਮੈਂ ਮਹਾਂਭਾਰਤ ਵਿੱਚ ਪਾਂਡਵਾਂ ਅਤੇ ਦਰੋਪਦੀ ਦੇ ਰਿਸ਼ਤੇ ਬਾਰੇ ਸੋਚਣ ਲੱਗ ਪਿਆ ਸੀ । ਮੈਂ ਮਹਿਸੂਸ ਕਰ ਰਿਹਾ ਸੀ ਕਿ ਸਮਾਜ ਸਿਰਜਣ ਵਿੱਚ ਹਾਲਾਤਾਂ ਦਾ ਬੜਾ ਵੱਡਾ ਯੋਗਦਾਨ ਹੁੰਦੈ । ਉਹ ਬੀਬੀ ਆਖ ਰਹੀ ਸੀ ਕਿ ਇਹ ਵਿਆਹੀ ਸਿਰਫ ਇਸ ਮਰਦ ਨਾਲ ਹੈ, ਪਰ ਪਤੀ ਵਾਲੇ ਸਾਰੇ ਫਰਜ਼ ਇਸਦਾ ਜੇਠ ਹੀ ਨਿਭਾ ਰਿਹੈ । ਪੂਰੇ ਪਿੰਡ ਨੂੰ ਇਸ ’ਤੇ ਕੋਈ ਇਤਰਾਜ਼ ਨਾ ਹੈ। ਗੁਰਬਤ ਨਾਲ ਲੜਦਿਆਂ ਵੀ ਇਸ ਜੇਠ ਕਰਕੇ ਹੀ ਇਹਨਾਂ ਨਿਆਣਿਆਂ ਨੂੰ ਸਿਰ ’ਤੇ ਛੱਤ, ਤਨ ’ਤੇ ਕੱਪੜੇ, ਅਤੇ ਦੋ ਵੇਲੇ ਦੀ ਰੋਟੀ ਤਾਂ ਮਿਲੀ ਹੀ ਜਾਂਦੀ ਹੈ। ਜੇਕਰ ਇਸ ਦੇ ਖਿਲਾਫ ਕੋਈ ਵੀ ਕਾਰਵਾਈ ਹੁੰਦੀ ਹੈ ਤਾਂ ਟੱਬਰ ਬਿਲਕੁਲ ਹੀ ਬਰਬਾਦ ਹੋ ਜਾਵੇਗਾ। ਸਾਰੇ ਪੱਖ ਗਹੁ ਨਾਲ ਵਾਚਣ ਤੋਂ ਬਾਅਦ ਉਸ ਔਰਤ ਅਤੇ ਪਰਿਵਾਰ ਦੀ ਭਲਾਈ ਵਾਸਤੇ ਉਸਦੇ ਜੇਠ ਨੂੰ ਕੁੱਝ ਹਦਾਇਤਾਂ ਦੇ ਕੇ ਮਾਮਲੇ ਦਾ ਨਿਪਟਾਰਾ ਕੀਤਾ ਗਿਆ।।

# ਜਦੋਂ ਕਲਰਕ ਬਾਦਸ਼ਾਹ ਨੇ ਸਿੱਖਿਆ ਮੰਤਰੀ ਨੂੰ ਟਿੱਚ ਜਾਣਿਆ

2012 ਤੋਂ ਲੈ ਕੇ 2017 ਵਾਲੀ ਅਕਾਲੀ ਸਰਕਾਰ ਵੇਲੇ ਮੇਰੀ ਪੋਸਟਿੰਗ ਤਕਰੀਬਨ 4 ਸਾਲ ਬਤੌਰ ਐਸ.ਪੀ. ਸਬ ਡਵੀਜ਼ਨ ਮਲੋਟ ਜਿਲ੍ਹਾ ਮੁਕਤਸਰ ਸਾਹਿਬ ਵਿਖੇ ਰਹੀ ਸੀ। ਇਸ ਤੋਂ ਪਹਿਲਾਂ ਮੈਂ ਐਸ.ਪੀ. ਡਿਟੈਕਟਿਵ ਬਰਨਾਲਾ ਸੀ। ਬਰਨਾਲੇ ਤੋਂ ਮੇਰੀ ਬਦਲੀ ਇੱਕ ਘਟੀਆ ਬੰਦੇ ਨੇ ਜਾਣ ਬੁੱਝ ਕੇ ਮਲੋਟ ਕਰਵਾਈ ਸੀ। ਮਲੋਟ ਸਬ ਡਵੀਜ਼ਨ ਵਿਖੇ ਐਸ.ਪੀ. ਦੀ ਸੈਂਕਸ਼ਨਡ ਪੋਸਟ ਤਾਂ ਸੀ ਪਰ ਉਸ ਵਾਸਤੇ ਕੋਈ ਰਿਹਾਇਸ਼ ਜਾਂ ਦਫਤਰ ਨਹੀਂ ਸੀ। ਮੇਰੇ ਤੋਂ ਪਹਿਲਾਂ ਵੀ ਦੋ ਤਿੰਨ ਐਸ.ਪੀਜ਼ ਦੀ ਪੋਸਟਿੰਗ ਉਥੇ ਹੋਈ ਸੀ ਪਰ ਉਹ ਦੋ ਚਾਰ ਹਫਤਿਆਂ ਵਿੱਚ ਹੀ ਬਦਲੀ ਕਰਵਾ ਕੇ ਦੌੜ ਗਏ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਬਾਦਲ ਪਿੰਡ ਦਾ ਮਲੋਟ ਸਬ ਡਵੀਜ਼ਨ ਵਿੱਚ ਹੋਣਾ ਤੇ ਦਿਨ ਰਾਤ ਪੈਣ ਵਾਲੀ ਵੀ.ਆਈ.ਪੀ. ਡਿਊਟੀ ਸੀ। ਮੈਂ ਵੀ ਬਦਲੀ ਕਰਾਉਣ ਵਾਸਤੇ ਬਹੁਤ ਯਤਨ ਕੀਤੇ ਪਰ ਗੱਲ ਨਾ ਬਣੀ। ਮਹੀਨੇ ਡੇਢ ਮਹੀਨੇ ਵਿੱਚਮੈਂ ਥਾਣਾ ਲੰਬੀ ਦੇ ਕਵਾਟਰਾਂ ਵਿੱਚ ਰਿਹਾਇਸ਼ ਅਤੇ ਥਾਣਾ ਸਦਰ ਮਲੋਟ ਦੇ ਅੰਦਰ ਦਫਤਰ ਤਿਆਰ ਕਰ ਲਿਆ। ਇਸ ਕੰਮ ਵਿੱਚ ਮੇਰੀ ਥਾਣਾ ਲੰਬੀ ਦੇ ਐਸ.ਐਚ.ਉ. ਗੁਰਪ੍ਰੀਤ ਸਿੰਘ ਬੈਂਸ (ਹੁਣ ਡੀ.ਐਸ.ਪੀ) ਨੇ ਬਹੁਤ ਮਦਦ ਕੀਤੀ ਸੀ। ਘਟੀਆ ਬੰਦੇ ਨੇ ਆਪਣੀ ਜਾਚੇ ਮੈਨੂੰ ਉਥੇ ਫਸਾਇਆ ਸੀ ਪਰ ਇਹ ਪੋਸਟਿੰਗ ਮੇਰੇ ਬਹੁਤ ਕੰਮ ਆਈ ਤੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਉੱਪ ਮੁੱਖ ਮੰਤਰੀ ਤੱਕ ਮੇਰੀ ਸਿੱਧੀ ਪਹੁੰਚ ਬਣ ਗਈ। ਉਸ ਵੇਲੇ ਹਾਲਾਤ ਅਜਿਹੇ ਸਨ ਕਿ ਲੰਬੀ ਹਲਕੇ ਦਾ ਕੋਈ ਆਮ ਬੰਦਾ ਵੀ ਪੰਜਾਬ ਦੇ ਕਿਸੇ ਡੀ.ਸੀ. ਜਾਂ ਐਸ.ਐਸ.ਪੀ. ਨੂੰ ਫੋਨ ਕਰ ਦਿੰਦਾ ਸੀ ਜਾਂ ਕਿਸੇ ਕੰਮ ਚਲਾ ਜਾਂਦਾ ਸੀ ਤਾਂ ਹੜਕੰਪ ਮੱਚ ਜਾਂਦਾ ਸੀ। ਅਫਸਰ ਖੁਦ ਉਸ ਨੂੰ ਬਾਹਰੋਂ ਲੈਣ ਲਈ ਆਉਂਦੇ ਸਨ। ਮੋਹਾਲੀ ਇੱਕ ਅਜਿਹਾ ਸ਼ਹਿਰ ਹੈ ਜਿੱਥੇ ਸਰਕਾਰੀ ਸਕੂਲ ਟੀਚਰ ਦੀ ਪੋਸਟਿੰਗ ਕਰਾਉਣੀ ਡੀ.ਸੀ. ਲੱਗਣ ਨਾਲੋਂ ਵੀ ਔਖੀ ਹੈ ਉੱਚ ਅਫਸਰਾਂ ਦੀਆਂ ਪਤਨੀਆਂ ਜਾਂ ਵੱਡੇ ਸਿਫਾਰਸ਼ੀ ਹੀ ਇਥੇ ਪੋਸਟਿੰਗਕਰਾ ਸਕਦੇ ਹਨ। ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਸੀ ਜਿਸ ਦੀ ਪਤਨੀ ਮੋਹਾਲੀ ਤੋਂ ਕਾਫੀ ਦੂਰ ਰਾਜਪੁਰੇ ਨੇੜਲੇ ਕਿਸੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਲੱਗੀ ਹੋਈ ਸੀ। ਲਿੰਕ ਸੜਕ ਦੀ ਹਾਲਤ ਬਹੁਤ ਭੈੜੀ ਸੀ ਜਿਸ ਕਾਰਨ ਆਉਣ ਜਾਣ ਵਿੱਚ ਹੀ ਦੋ ਢਾਈ ਘੰਟੇ ਲੱਗ ਜਾਂਦੇ ਸਨ। ਇੱਕ ਦਿਨ ਮੈਂ ਛੁੱਟੀ ਲੈ ਕੇ ਮੋਹਾਲੀ ਆਇਆ ਹੋਇਆ ਸੀ ਤਾਂ ਉਹ ਵੀ ਆ ਗਿਆ। ਚਾਹ ਪਾਣੀ ਛਕਣ ਤੋਂ ਬਾਅਦ ਉਸ ਨੇ ਮੈਨੂੰ ਆਪਣੀ ਸਮੱਸਿਆ ਦੱਸੀ ਤੇ ਵੰਗਾਰਿਆ ਕਿ ਤੇਰੇ ਬਾਦਲ ਸਾਹਿਬ ਦੇ ਹਲਕੇ ਵਿੱਚ ਲੱਗਣ ਦਾ ਕੀ ਫਾਇਦਾ ਹੈ ਜੇ ਤੇਰੀ ਭਾਬੀ ਦੀ ਬਦਲੀ ਮੋਹਾਲੀ ਨਾ ਹੋਈ ਤਾਂ। ਇਥੇ ਇਹ ਦੱਸਣਾ ਬਣਦਾ ਹੈ ਕਿ ਟੀਚਰਾਂ ਦੀ ਬਦਲੀ ਤਾਂ ਹੀ ਹੁੰਦੀ ਹੈ ਜੇ ਅੱਗੇ ਪੋਸਟ ਖਾਲੀ ਹੋਵੇ। ਪੁਲਿਸ ਵਾਂਗ ਨਹੀਂ ਕਿ ਜਿਸ ਦਾ ਜੋਰ ਚੱਲਦਾ ਹੈ ਉਹ ਦੂਸਰੇ ਨੂੰ ਪੁੱਟ ਕੇ ਆਪ ਲੱਗ ਜਾਂਦਾ ਹੈ। ਉਸ ਦੀ ਪਤਨੀ ਸਾਇੰਸ ਟੀਚਰ ਸੀ ਤੇ ਉਸ ਨੇ ਮੈਨੂੰ ਦੱਸਿਆ ਕਿ ਫਲਾਣੇ ਸਕੂਲ ਵਿੱਚ ਇੱਕ ਪੋਸਟ ਖਾਲੀ ਹੈ। ਮੇਰੀ ਸਵਰਗੀ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨਾਲ ਬਹੁਤ ਬਣਦੀ ਸੀ। ਸੋਮਵਾਰ ਨੂੰ ਮੈਂ ਵਾਪਸ ਚਲਾ ਗਿਆ ਤੇ ਸਿੱਧਾ ਜਥੇਦਾਰ ਸਾਹਿਬ ਕੋਲ ਪਹੁੰਚ ਗਿਆ। ਉਨ੍ਹੀਂ ਦਿਨੀ ਸ. ਦਲਜੀਤ ਸਿੰਘ ਚੀਮਾ ਨਵੇਂ ਨਵੇਂ ਹੀਸਿੱਖਿਆ ਮੰਤਰੀ ਬਣੇ ਸਨ ਤੇ ਉਨ੍ਹਾਂ ਦੀ ਕੋਲਿਆਂਵਾਲੀ ਨਾਲ ਚੰਗੀ ਮਿੱਤਰਤਾ ਸੀ। ਮੈਂ ਉਨ੍ਹਾਂ ਨੂੰ ਸਾਰੇ ਹਾਲਾਤ ਦੱਸ ਦਿੱਤੇ ਤੇ ਟੀਚਰ ਦਾ ਨਾਮ ਤੇ ਕਿੱਥੋਂ ਕਿੱਥੇ ਬਦਲੀ ਕਰਾਉਣੀ ਹੈ, ਇੱਕ ਚਿੱਟ 'ਤੇ ਲਿਖ ਕੇਫੜਾ ਦਿੱਤਾ। ਕੁਦਰਤੀ ਜਥੇਦਾਰ ਸਾਹਿਬ ਚੰਡੀਗੜ੍ਹ ਹੀ ਜਾ ਰਹੇ ਸਨ। ਦੁਪਹਿਰੇ 2 ਕੁ ਵਜੇ ਉਨ੍ਹਾਂ ਦਾ ਫੋਨ ਆਇਆ ਕਿ ਮੈਂ ਚੀਮਾ ਸਾਹਿਬ ਦੇ ਦਫਤਰ ਬੈਠਾ ਹਾਂ। ਉਨ੍ਹਾਂ ਨੇ ਡੀ.ਈ.ਉ. ਮੋਹਾਲੀ ਨੂੰ ਇਸ ਬਦਲੀ ਸਬੰਧੀ ਫੋਨ ਕੀਤਾ ਹੈ ਜਿਸ ਨੇ ਸਬੰਧਿਤ ਕਲਰਕ ਤੋਂ ਪੁੱਛ ਕੇ ਦੱਸਿਆ ਹੈ ਕਿ ਉਸ ਸਕੂਲ ਵਿੱਚ ਤਾਂ ਕੀ, ਸਾਰੇ ਮੋਹਾਲੀ ਸ਼ਹਿਰ ਵਿੱਚ ਸਾਇੰਸ ਟੀਚਰ ਦੀ ਕੋਈ ਪੋਸਟ ਖਾਲੀ ਨਹੀਂ ਹੈ। ਮੈਂ ਜਥੇਦਾਰ ਸਾਹਿਬ ਨੂੰ ਕਿਹਾ ਕਿ ਕੋਈ ਗੱਲ ਨਹੀਂ ਅੱਜ ਤੁਸੀਂ ਰਹਿਣ ਦਿਉ। ਮੈਂ ਕਲ੍ਹ ਤੱਕ ਤੁਹਾਨੂੰ ਇਸ ਸਬੰਧੀ ਲਿਖਤੀ ਦਸਤਾਵੇਜ਼ ਮੁਹੱਈਆ ਕਰਵਾ ਦੇਵਾਂਗਾ। ਮੈਂ ਆਪਣੇ ਦੋਸਤ ਨੂੰ ਫੋਨ ਕੀਤਾ ਕਿ ਭਰਾਵਾ ਡੀ.ਈ.ਉ. ਦਫਤਰ ਨੇ ਤਾਂ ਨਾਂਹ ਕਰ ਦਿੱਤੀ ਹੈ, ਜੇ ਤੇਰੇ ਕੋਲ ਇਸ ਸਬੰਧੀ ਕੋਈ ਦਸਤਾਵੇਜ਼ ਹਨ ਤਾਂ ਮੈਨੂੰ ਵਟਸਐਪ ਕਰ ਦੇ। ਉਹ ਉਸੇ ਵੇਲੇ ਸਰਗਰਮ ਹੋ ਗਿਆ ਤੇ ਕਿਸੇ ਤਰਾਂ ਢਾਹ ਭੰਨ ਕਰ ਕੇ ਉਸ ਚਿੱਠੀ ਦੀ ਕਾਪੀ ਮੈਨੂੰ ਭੇਜ ਦਿੱਤੀ ਜਿਹੜੀ ਉਸ ਸਕੂਲ ਦੇ ਪ੍ਰਿੰਸੀਪਲ ਨੇ ਡੀ.ਈ.ਉ. ਨੂੰ ਲਿਖੀ ਹੋਈ ਸੀ ਕਿ ਸਾਡੇ ਸਕੂਲ ਵਿੱਚ ਸਾਇੰਸ ਟੀਚਰ ਦੀ ਇੱਕ ਪੋਸਟ ਖਾਲੀ ਹੈ, ਕ੍ਰਿਪਾ ਕਰ ਕੇ ਕਿਸੇ ਟੀਚਰ ਨੂੰ ਇਥੇ ਨਿਯੁੱਕਤ ਕੀਤਾ ਜਾਵੇ। ਅਸਲ ਵਿੱਚ ਉਹ ਚਿੱਠੀ ਸਬੰਧਿਤ ਕਲਰਕ ਨੇ ਘੁੱਟ ਲਈ ਸੀ ਕਿਉਂਕਿ ਉਹ ਉਥੇ ਰੋਪੜ ਤੋਂ ਆਪਣੀ ਸਾਲੀ ਦੀ ਬਦਲੀ ਕਰਵਾਉਣੀ ਚਾਹੁੰਦਾ ਹੈ। ਸ਼ਾਮ ਨੂੰ ਮੈਨੂੰ ਜਥੇਦਾਰ ਸਾਹਿਬ ਦਾ ਫੋਨ ਆ ਗਿਆ ਕਿ ਮੈਂ ਘਰ ਆ ਗਿਆ ਹਾਂ ਤੇ ਜੇ ਦਸਤਾਵੇਜ਼ ਮਿਲ ਗਏ ਹਨ ਤਾਂ ਆ ਜਾਉ। ਮੈਂ ਉਸੇ ਵੇਲੇ ਕੋਲਿਆਂਵਾਲੀ ਪਹੁੰਚ ਗਿਆ ਤੇ ਚਿੱਠੀ ਉਨ੍ਹਾਂ ਨੂੰ ਦਿਖਾ ਦਿੱਤੀ। ਉਹ ਕਿੰਨਾਂ ਚਿਰ ਹੈਰਾਨੀ ਨਾਲ ਉਸ ਚਿੱਠੀ ਵੱਲ ਵੇਖਦੇ ਰਹੇ ਤੇ ਫਿਰ ਬੋਲੇ ਕਿ ਲੋਕ ਵਾਕਿਆ ਹੀ ਸਹੀ ਕਹਿੰਦੇ ਹਨ ਕਿ ਕਲਰਕ ਜੋ ਚਾਹੇ ਕਰ ਸਕਦੇ ਹਨ। ਉਨ੍ਹਾਂ ਨੇ ਚੀਮਾ ਸਾਹਿਬ ਨੂੰ ਫੋਨ ਕਰ ਕੇ ਸਾਰੀ ਗੱਲ ਦੱਸ ਕੇ ਨਿਹੋਰਾ ਮਾਰਿਆ, "ਹੱਦ ਹੋ ਗਈ ਚੀਮਾ ਸਾਹਿਬ, ਤੁਸੀਂ ਕਰ ਲਿਆ ਮੰਤਰੀਪੁਣਾ। ਧਾਨੂੰ ਤਾਂ ਧਾਡੇ ਮਹਿਕਮੇ ਦੇ ਕਲਰਕ ਹੀ ਕੁਝ ਨਹੀਂ ਸਮਝਦੇ।"ਇਹ ਸੁਣ ਕੇ ਚੀਮਾ ਸਾਹਿਬ ਦੇ ਤਨ ਬਦਨ ਨੂੰ ਅੱਗ ਗਈ ਤੇ ਕਿਹਾ ਕਿ ਫੌਰਨ ਚਿੱਠੀ ਮੈਨੂੰ ਵਟਸਐਪ ਕਰ ਦਿਉ। ਮੈਂ ਚਿੱਠੀ ਜਥੇਦਾਰ ਸਾਹਿਬ ਦੇ ਫੋਨ 'ਤੇ ਭੇਜ ਦਿੱਤੀ ਤੇ ਉਨ੍ਹਾਂ ਨੇ ਚੀਮਾ ਸਾਹਿਬ ਨੂੰ ਭੇਜ ਦਿੱਤੀ। ਹੁਣ ਚੰਡੀਗੜ੍ਹ ਚੀਮਾ ਸਾਹਿਬ ਨੇ ਕਿਸ ਕਿਸ ਅਫਸਰ ਦੀ ਕੀ ਕੀ ਕਲਾਸ ਲਗਾਈ ਤੇ ਉਸ ਕਲਰਕ ਦਾ ਕੀ ਬਣਿਆ, ਇਹ ਤਾਂ ਮੈਨੂੰ ਪਤਾ ਨਹੀਂ ਪਰ ਸਵੇਰੇ ਅੱਠ ਵਜੇ ਮੇਰੇ ਦੋਸਤ ਦਾ ਫੋਨ ਆ ਗਿਆ ਕਿ ਬਦਲੀ ਹੋ ਗਈ ਹੈ। ਮੈਂ ਸੋਚਿਆ ਕਿ ਐਵੇਂ ਟਿੱਚਰਾਂ ਕਰ ਰਿਹਾ ਹੈ। ਸਰਕਾਰੀ ਦਫਤਰ ਤਾਂ ਦਸ ਵਜੇ ਖੁਲ੍ਹਦੇ ਹਨ, ਇਹ ਅੱਠ ਵਜੇ ਆਰਡਰ ਕਿਵੇਂ ਆ ਗਏ ? ਮੈਂ ਥੋੜ੍ਹਾ ਜਿਹਾ ਖਿਝ ?ਹ ਕੇ ਕਿਹਾ ਕਿ ਮੈਂ ਕੋਸ਼ਿਸ਼ ਤਾਂ ਕਰ ਹੀ ਰਿਹਾ ਹਾਂ, ਦੋ ਚਾਰ ਦਿਨ ਸਬਰ ਤਾਂ ਕਰ ਲੈ। ਪਰ ਉਹ ਖੁਸ਼ੀ ਨਾਲ ਖੀਵਾ ਹੋਇਆ ਉੱਚੀ ਉੱਚੀ ਬੋਲਣ ਲੱਗਾ ਕਿ ਸੱਚੀਂ ਹੋ ਗਈ ਹੈ। ਮੈਨੂੰ ਹੁਣੇ ਡੀ.ਈ.ਉ. ਦਫਤਰ ਦਾ ਮੁਲਾਜ਼ਮ ਆਰਡਰ ਫੜਾ ਕੇ ਗਿਆ ਹੈ। ਜਦੋਂ ਤੱਕ ਉਸ ਨੇ ਮੈਨੂੰ ਆਰਡਰਾਂ ਦੀ ਕਾਪੀ ਵਟਸਐਪ ਨਾ ਕੀਤੀ, ਮੈਨੂੰ ਯਕੀਨ ਨਾ ਆਇਆ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

# ਪੰਜਾਬ ਅੰਦਰ ਹੜ੍ਹਾਂ ਦੇ ਕਹਿਰ ਦੌਰਾਨ ਕੁਝ ਸਮਾਜ ਸੇਵੀਆਂ ਦਾ ਕੱਚ-ਸੱਚ



– ਪਿਛਲੇ ਦਿਨੀ ਪੰਜਾਬ ਅੰਦਰ ਹੜਾਂ ਨੇ ਭਾਰੀ ਤਬਾਹੀ ਕੀਤੀ ਹੈ । ਪੰਜਾਬ ਵਾਸੀਆਂ ਦੇ ਸੁਪਨੇ ਤੋੜ ਦਿੱਤੇ ਹਨ ।ਕਰੀਬ 3 ਲੱਖ ਏਕੜ ਦੇ ਲਗਭਗ ਕਿਸਾਨਾਂ ਦਾ ਹੱਡ ਭੰਨਵੀ ਮਿਹਨਤ ਤੋਂ ਬਾਅਦ ਬੀਜੀ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ।ਕਈ ਇਨਸਾਨੀ ਜ਼ਿੰਦਗੀਆਂ ਖਤਮ ਹੋਣ ਦੇ ਕੰਢੇ ਤੇ ਪਹੁੰਚ ਚੁੱਕੀਆਂ ਹਨ ।? ਕਈ ਘਰ ਤਬਾਹ ਹੋ ਚੁੱਕੇ ਹਨ । ਕਈ ਇਨਸਾਨੀ ਜ਼ਿੰਦਗੀਆਂ ਵੀ ਵਿੱਚ ਪਾਣੀ ਦੇ ਰੁੜ ਗਈਆਂ ਪਰ ਪੰਜਾਬ ਗੁਰਾਂ ਦੇ ਨਾਮ ਤੇ ਵੱਸਦਾ ਹੈ । ਇਸ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ ਗੁਰੂ ਸਾਹਿਬ ਨੇ ਪੰਜਾਬ ਨੂੰ ਐਸਾ ਸਪਿਰਿਟ ਦਿੱਤਾ ਹੈ ਜਿਸ ਦੇ ਚਲਦਿਆਂ ਪੰਜਾਬ ਵਾਸੀ ਤਬਾਹ ਹੋਣ ਤੋਂ ਬਾਅਦ ਮੁੜ ਉੱਠ ਕੇ ਲੜਾਈ ਲੜਨ ਲਈ ਤਿਆਰ ਹੁੰਦੇ ਹਨ ਕਿਉਂਕਿ ਗੁਰੂ ਸਾਹਿਬ ਦੀ ਬਖਸ਼ੀ ਹੋਈ ਤਾਕਤ ਪੰਜਾਬੀਆਂ ਨੂੰ ਵੱਡਾ ਹੌਸਲਾ ਦਿੰਦੀ ਹੈ ।ਚਾਰੇ ਪਾਸੇ ਤਬਾਹੀ ਦਾ ਆਲਮ ਹੋਣ ਕਾਰਨ ਦੁਨੀਆਂ ਭਰ ਦੀਆਂ ਅੱਖਾਂ ਦੇ ਵਿੱਚ ਬਣਿਆ ਰਿਹਾ ਸੀ ਪੰਜਾਬ । ਘਰਾਂ ਦੇ ਘਰ ਤਬਾਹ ਹੋ ਗਏ ਅਤੇ ਮਸ਼ੀਨਰੀ ਦਾ ਵੀ ਵੱਡਾ ਨੁਕਸਾਨ ਹੋਇਆ ਹੈ ਜਿਸ ਦੀ ਪੂਰਤੀ ਕਰਨੀ ਅਸੰਭਵ ਹੈ ।ਬਹੁਤ ਸਾਰੇ ਪਰਿਵਾਰਾਂ ਕੋਲ ਤਾਂ ਬਚਿਆ ਵੀ ਕੱਖ ਨਹੀਂ ਉਨ੍ਹਾਂ ਦੇ ਤਾਂ ਕੱਚੇ ਕੋਠਿਆਂ ਤੱਕ ਰੁੜ ਗਏ ।

ਭਾਵੇਂ ਇਸ ਹੜਾਂ ਦੀ ਤਬਾਹੀ ਦੌਰਾਨ ਪੰਜਾਬੀਆਂ ਦਾ ਵੀ ਇੱਕ ਵੱਡਾ ਨੁਕਸਾਨ ਇਸ ਹੜਾਂ ਦੇ ਦੌਰਾਨ ਜਰੂਰ ਹੋਇਆ ਹੈ ।ਪੰਜਾਬ ਮੁੜ ਤੋਂ ਉੱਠਣ ਦੀ ਤਾਕਤ ਦੇ ਵਿੱਚ ਜੋਰ ਅਜਮਾਇਸ਼ ਕਰ ਰਿਹਾ ਹੈ ।ਟਰੈਕਟਰ ਚੱਲ ਰਹੇ ਹਨ । ਸਮਾਜ ਸੇਵੀਆਂ ਨੇ ਆਪਣੀਆਂ ਝੋਲੀਆਂ ਦੇ ਮੂੰਹ ਉਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਵੱਲ ਖੋਲ ਦਿੱਤੇ ਹਨ ਜਿੱਥੇ ਹੜਾਂ ਦਰਮਿਆਨ ਭਾਰੀ ਨੁਕਸਾਨ ਹੋਇਆ ਹੈ ਪਰ ਇਸ ਸਾਰੇ ਵਰਤਾਰੇ ਦੌਰਾਨ ਇੱਕ ਗੱਲ ਸਰੂਰ ਸਾਹਮਣੇ ਆਈ ਹੈ ਕਿ ਜਿੱਥੇ ਸੰਤ ਬਾਬੇ ਅਤੇ ਸਾਡੀਆਂ ਸਮਾਜ ਸੇਵੀ ਸੰਸਥਾਵਾਂ ਹੜਾਂ ਦੇ ਇਸ ਕਹਿਰ ਦੌਰਾਨ ਸੇਵਾ ਕਰ ਰਹੀਆਂ ਹਨ ਸਰਕਾਰ ਵੱਲੋਂ ਵੀ ਯਤਨ ਕੀਤੇ ਜਾ ਰਹੇ ਹਨ ਅਤੇ ਆਮ ਲੋਕਾਂ ਨੇ ਵੀ ਜਾ ਕੇ ਹੜ ਪੀੜਤਾਂ ਦੀ ਮਦਦ ਕੀਤੀ ਹੈ ।ਉੱਥੇ ਹੀ ਕਈ ਸਮਾਜ ਸੇਵੀ ਅਜਿਹੇ ਵੀ ਹਨ ਜਿਹੜੇ ਸਮਾਜ ਸੇਵਾ ਦੇ ਨਾਂ ਤੇ ਸਿਰਫ ਖੱਟੀ ਖੱਟਣ ਲਈ ਜਾਂਦੇ ਹਨ ।ਸਮਾਜ ਸੇਵੀਆਂ ਦੇ ਨਾਂ ਦਾ ਡੰਕਾ ਪਿਛਲੇ ਲੰਬੇ ਸਮੇਂ ਤੋਂ ਬਚਦਾ ਆਇਆ ਹੈ ਕਿ ਸਮਾਜ ਸੇਵੀਆਂ ਦੀ ਜ਼ਿੰਦਗੀ ਦਾ ਅਸਲ ਕੱਚ ਸੱਚ ਕੀ ਹੈ ।ਅਸੀਂ ਸਾਰਿਆਂ ਤੇ ਦੋਸ ਨਹੀਂ ਲਾ ਸਕਦੇ, ਬਹੁਤ ਬੰਦੇ ਚੰਗੇ ਵੀ ਹਨ ਪਰ ਮਾੜਿਆਂ ਦੀ ਵੀ ਤੋਟ ਨਹੀਂ ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲੇਖਕ ਸ਼ਿੰਦਰ ਸਿੰਘ ਮੀਰਪੁਰੀ ਫਰਿਜ਼ਨੋ
5592850841

ਇਹ ਹਮੇਸ਼ਾ ਹੁੰਦਾ ਆਇਆ ਹੈ ਕਿ ਜਦ ਵੀ ਕੋਈ ਵੱਡੀ ਘਟਨਾ ਘਟਦੀ ਹੈ ਤਾਂ ਸਮਾਜ ਸੇਵੀ ਵੀ ਉੱਥੇ ਤੁਰੰਤ ਪਹੁੰਚ ਜਾਂਦੇ ਹਨ । ਚਲੋ ਜਦ ਵੀ ਕਿਤੇ ਕੋਈ ਘਟਨਾ ਵਾਪਰਦੀ ਹੈ ਤਾਂ ਸਮਾਜ ਸੇਵੀਆਂ ਦਾ ਪਹੁੰਚਣਾ ਜਰੂਰੀ ਹੁੰਦਾ ਹੈ ਸਰਕਾਰਾਂ ਦਾ ਪਹੁੰਚਣਾ ਵੀ ਜਰੂਰੀ ਹੁੰਦਾ ਹੈ ਪ੍ਰਸ਼ਾਸਨ ਵੀ ਪਹੁੰਚ ਜਾਂਦਾ ਹੈ ਅਤੇ ਜਥੇਬੰਦੀਆਂ ਵੀ ਪਹੁੰਚ ਜਾਂਦੀਆਂ ਹਨ ਇਹ ਸਾਰਾ ਕੁਝ ਜਰੂਰੀ ਹੈ ਕਿਉਂਕਿ ਪੀੜਤਾਂ ਦੀ ਮਦਦ ਕਰਨ ਵਾਲੀਆਂ ਸੰਸਥਾਵਾਂ ਦਾ ਪਹੁੰਚਣਾ ਬੇਹੱਦ ਲਾਜ਼ਮੀ ਹੋਣ ਦੇ ਨਾਲ ਨਾਲ ਇੱਕ ਖਾਸ ਹੁੰਦਾ ਹੈ ਕਿਉਂਕਿ ਜੇਕਰ ਕੋਈ ਪੀੜਿਤ ਪਰਿਵਾਰ ਹੈ ਤਾਂ ਉਸ ਦੀ ਮਦਦ ਕਿਸੇ ਨੇ ਤਾਂ ਕਰਨੀ ਹੀ ਹੁੰਦੀ ਹੈ। ਪਰ ਹੁਣ ਅਸਲ ਗੱਲ ਵੱਲ ਆਉਂਦੇ ਹਾਂ ਕਿ ਪਿਛਲੇ ਦਿਨੀ ਪੰਜਾਬ ਅੰਦਰ ਜੋ ਹੜ ਆਏ ਆਖਿਆ ਜਾ ਜਾ ਰਿਹਾ ਹੈ ਕਿ ਪੀੜਤ ਪਰਿਵਾਰਾਂ ਦੇ ਨਾਂ ਤੇ ਕੋਈ ਚੰਗੀ ਮਾਇਆ ਸਕ ਗਿਆ ।ਕਈਆਂ ਨੇ ਉਸ ਮਾਮਲੇ ਵਿੱਚ ਹੱਥ ਰੰਗੇ ਹਨ ।ਉਸ ਵੇਲੇ ਸਿਰ ਫੜ ਕੇ ਬੈਠ ਜਾਂਦੇ ਹਾਂ ਜਦ ਪਤਾ ਲੱਗਦਾ ਹੈ ਕਿ ਕਈ ਸੱਜਣ ਤਾਂ ਤਾਂ ਦਵਾਈਆਂ ਤੱਕ ਵੀ ਖਾ ਗਏ ।ਕਈ ਘਰਾਂ ਦਾ ਲੋਹਾ ਵੀ ਵੇਚ ਗਏ ।ਸੇਵਾ ਕਰਨ ਵਾਲੇ ਸੇਵਾ ਕਰ ਰਹੇ ਹਨ ਪਰ ਅਜਿਹੇ ਕੰਮ ਕਰਨ ਵਾਲੇ ਗਲਤ ਹਨ ।

ਇਕ ਪਾਸੇ ਤਾਂ ਗੱਲ ਇਹ ਵੀ ਚੱਲ ਰਹੀ ਹੈ ਕਿ ਕਈਆ ਨੇ ਆਪੋ ਆਪਣੀਆਂ ਇੱਕ ਦੋ ਬੰਦਿਆਂ ਦੀਆਂ ਸੰਸਥਾਵਾਂ ਬਣਾ ਕੇ ਕਈ ਜਣਿਆਂ ਨੇ ਲੱਖਾਂ ਰੁਪਈਆ ਹਜਮ ਕਰ ਲਿਆ ।ਉਸ ਤੋਂ ਬਾਅਦ ਕਈ ਨਾਮੀ ਬੰਦਿਆਂ ਨੇ ਕਰੋੜਾਂ ਰੁਪਏ ਡਕਾਰ ਲਏ ।ਕਈ ਟਰੈਕਟਰ ਵੀ ਆਸੇ ਪਾਸੇ ਕਰ ਗਏ ਅਤੇ ਵੱਡੀ ਗਿਣਤੀ ਦੇ ਵਿੱਚ ਸਾਧਨ ਸਮਾਨ ਅਤੇ ਹੋਰ ਕਾਫੀ ਕੁਝ ਇਸ ਮਾਮਲੇ ਵਿੱਚ ਹੋਇਆ ਸੱਚ ਕੀ ਹੈ ਇਹ ਤਾਂ ਰੱਬ ਜਾਣੇ ਜਾਂ ਕਰਨ ਵਾਲੇ ਜਾਨਣ ।ਪਰ ਸਮਾਜ ਸੇਵਾ ਦੇ ਨਾਂ ਤੇ ਚੱਲ ਰਿਹਾ ਇਹ ਧੰਦਾ ਬੇਹੱਦ ਮਾੜਾ ਹੈ ।ਪੀੜਤ ਪਰਿਵਾਰਾਂ ਦੇ ਲਈ ਆਇਆ ਸਮਾਨ ਜੇਕਰ ਅਸੀਂ ਆਪਣੇ ਘਰਾਂ ਵਿੱਚ ਲੈ ਕੇ ਜਾਵਾਂਗੇ ਤਾਂ ਬਹੁਤ ਗਲਤ ਗੱਲ ਹੋਵੇਗੀ ।ਚਲੋ ਇੱਕ ਗੱਲ ਇੱਥੇ ਹੋਰ ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਜੇਕਰ ਕੋਈ ਇਕ ਲੱਖ ਰੁਪਿਆ ਦਿੰਦਾ ਹੈ ਤਾਂ ਉਹਦੇ ਵਿੱਚੋਂ 10 ਜਾਂ 20 ਹਜਾਰ ਰੁਪਿਆ ਇਧਰ ਉਧਰ ਹੋ ਜਾਵੇ ਤਾਂ ਚੱਲ ਸਕਦਾ ਹੈ ਪਰ ਜੇਕਰ ਲੱਖ ਦਾ ਲੱਖ ਹੀ ਖਤਮ ਹੋ ਗਿਆ ਤਾਂ ਫਿਰ ਤਾਂ ਰੱਬ ਹੀ ਰਾਖਾ ਹੈ ਇਨ੍ਹਾਂ ਲੋਕਾਂ ਦਾ ।ਸੇਵਾ ਕਰਨ ਵਾਲਿਆਂ ਦੀ ਵੀ ਤੋੜ ਨਹੀਂ ਪਰ ਦੂਜੇ ਪਾਸੇ ਗਲਤ ਹੱਥ ਕੰਡੇ ਅਪਣਾ ਕੇ ਮਾਇਆ ਇਕੱਠੀ ਕਰਨ ਵਾਲੇ ਵੀ ਘੱਟ ਨਹੀਂ ਹਨ ।



ਪਿਛਲੇ ਦਿਨੀ ਵੀ ਪੰਜਾਬ ਦੇ ਵਿੱਚ ਵੱਡੇ ਪੱਧਰ ਤੇ ਜਦੋਂ ਨੁਕਸਾਨ ਹੋਇਆ ਸੀ ਤਾਂ ਵੀ ਬਹੁਤ ਕੁਝ ਹੋਇਆ ਸੀ ਪਰ ਇਨਾਂ ਹੜਾਂ ਦੇ ਦੌਰਾਨ ਜਿਹੜੇ ਲੋਕਾਂ ਨੇ ਪੀੜਤ ਪਰਿਵਾਰਾਂ ਦੇ ਨਾਮ ਤੇ ਚੰਗੀ ਮਾਇਆ ਛਕੀ ਹੈ, ਉਨ੍ਹਾਂ ਦਾ ਤਾਂ ਹੁਣ ਕੁਝ ਵੀ ਕਹਿਣਾ ਮੁਸ਼ਕਿਲ ਹੈ ਕਿਉਂਕਿ ਆਖਿਆ ਜਾ ਰਿਹਾ ਹੈ ਕਿ ਇਹ ਮਾਇਆ ਦੇ ਗੱਫੇ ਛਕਣ ਵਾਲੇ ਲੋਕ ਪਹਿਲਾਂ ਹੀ ਕਰੋੜਪਤੀ ਹਨ ਸ਼ਿਫਤ ਕਰਨੀ ਬਣਦੀ ਹੈ ਉਨ੍ਹਾਂ ਲੋਕਾਂ ਦੀ ਜਿਹੜਿਆਂ ਨੇ ਵਰਦੇ ਮੀਂਹ ਦੌਰਾਨ ਹੜਾਂ ਦੇ ਵਿੱਚ ਤਿੰਨ-ਤਿੰਨ ਫੁੱਟ ਵਿੱਚ ਪਾਣੀ ਦੇ ਜਾ ਕੇ ਆਪਣੀ ਸੇਵਾ ਨਿਭਾਈ ਬਹੁਤ ਸਾਰੇ ਉਹ ਅਫਸਰ ਵੀ ਚੰਗੇ ਹਨ ਜਿਨਾਂ ਨੇ ਸੇਵਾ ਕੀਤੀ ਪਰ ਹੈਰਾਨੀ ਹੁੰਦੀ ਹੈ ਜਿਹੜੇ ਸਮਾਜ ਸੇਵੀਆਂ ਨੇ ਚੰਗਾ ਮੋਟਾ ਗੱਫਾ ਛਕਿਆ ਹੈ ਉਨ੍ਹਾਂ ਦੀ ਚੋਣ ਕੀਤੀ ਜਾਵੇ ।ਚੰਗਾ ਹੋਵੇ ਜੇਕਰ ਅਜਿਹੇ ਲੋਕਾਂ ਨੂੰ ਪਛਾਣ ਕੀਤੀ ਜਾਵੇ ਤਾਂ ਕਿ ਪੀੜਤ ਪਰਿਵਾਰਾਂ ਦੇ ਨਾਂ ਤੇ ਜਾਣ ਵਾਲੀ ਮਾਇਆ ਸਹੀ ਹੱਥਾਂ ਵਿੱਚ ਜਾ ਸਕੇ ਅਤੇ ਪੀੜਤ ਪਰਿਵਾਰ ਆਪਣਾ ਰਹਿਣ ਬਸੇਰਾ ਸਹੀ ਢੰਗ ਨਾਲ ਕਰ ਸਕਣ ।ਉਹ ਲੋਕ ਸਿਫਤ ਦੇ ਹੱਕਦਾਰ ਜਰੂਰ ਹਨ ਜਿਹੜੀਆਂ ਵੱਲੋਂ ਆਪਣੇ ਪੱਲਿਓਂ ਘਰ ਟਰੈਕਟਰ ਅਤੇ ਹੋਰ ਮਸੀਨਰੀ, ਦਵਾਈਆਂ, ਰਹਿਣ ਬਸੇਰਾ ਆਦਿ ਬਣਾ ਕੇ ਦਿੱਤਾ ਜਾ ਰਿਹਾ ਹੈ ਇਸ ਦੀ ਅੱਜ ਵੱਡੀ ਲੋੜ ਹੈ ।ਇਹੀ ਸਾਡੀ ਕਾਮਨਾ ਹੈ ।

# ਵਿਛੜਿਆਂ ਦੇ ਭੋਗ ਸਮਾਗਮਾਂ ਦੀ ਵਿਸਰ ਰਹੀ ਸਾਦੀ ਰਸਮ

ਵਿਛੜਿਆਂ ਦੇ ਭੋਗ ਸਮਾਗਮ ਪਹਿਲਾਂ ਸਾਦੇ ਢੰਗ ਨਾਲ ਕੀਤੇ ਜਾਂਦੇ ਸਨ ।ਖਾਣਾ ਹੇਠਾਂ ਬਹਿ ਕੇ ਥਾਲੀਆਂ ਵਿੱਚ ਦਾਲ ਫੁਲਕੇ ਵਾਲਾ ਖਾਧਾ ਜਾਂਦਾ ਸੀ । ਪਰ ਸਮੇਂ ਦੀ ਚਾਲ ਨੇ ਸਾਰਾ ਕੁਝ ਬਦਲ ਕੇ ਰੱਖ ਦਿੱਤਾ ਹੈ ।ਅੱਜ ਦੇ ਸਮੇਂ ਵਿਛੜਿਆਂ ਦੇ ਭੋਗ ਸਮਾਗਮ ਕਰਵਾਉਣੇ ਸੌਖੇ ਨਹੀਂ । ਸਰਧਾਂਜ਼ਲੀ ਸਮਾਗਮ ਲਈ ਹਰੇਕ ਖੁੱਲਾ ?ਹ ਸੱਦਾ ਸਰਧਾਂਜ਼ਲੀ ਦੇਣ ਲਈ ਵਟਸਅੱਪ ਗਰੁੱਪਾਂ ਅਤੇ ਮੀਡੀਏ ਦੇ ਹੋਰ ਸਾਧਨਾਂ ਰਾਹੀਂ ਦਿੰਦਾ ਹੈ ।ਇਹੋ ਜਿਹੇ ਵੱਡੇ ਇਕੱਠਾਂ ਲਈ ਅੱਜ ਦੇ ਸਮੇਂ ਖਾਣੇ ਦਾ ਪ੍ਰਬੰਧ ਜ਼ਿਆਦਾਤਰ ਪਰਿਵਾਰ ਟੈਂਟ ਲਾ ਕੇ ਜਾਂ ਕਿਸੇ ਹਾਲ ਅੰਦਰ ਵਿਆਹ ਵਾਂਗ ਸਟੈਂਡਿੰਗ ਖਾਣੇ ਦਾ ਪ੍ਰਬੰਧ ਕਰਨ ਲੱਗ ਗਏ ਹਨ ।ਇਨ੍ਹਾਂ ਖਾਣਿਆਂ 'ਚ ਕਈ ਦਾਲ,ਸਬਜ਼ੀਆਂ , ਭਾਂਤ ਸਵਾਂਤੇ ਸਲਾਦ , ਆਚਾਰ , ਚਾਵਲ, ਕਈ ਤਰ੍ਹਾਂ ਦੀਆਂ ਰੋਟੀਆਂ , ਕਈ ਪ੍ਰਕਾਰ ਦੀਆਂ ਸਵੀਟ ਡਿਸ਼ਾਂ , ਆਦਿ ਦਾ ਹੋਣਾ ਆਮ ਦੇਖਿਆ ਜਾਂਦਾ ਹੈ ।ਪਨੀਰ ਤਾਂ ਹਰ ਕੋਈ ਵਰਤਦਾ ਹੈ ।ਕੁਰਸੀਆਂ ਆਮ ਹੀ ਬੈਠਣ ਲਈ ਥਾਂ ਥਾਂ ਲਾਈਆਂ ਜਾਂਦੀਆਂ ਹਨ , ਟੇਬਲ , ਸਟੈਂਡਿੰਗ ਟੇਬਲ ਵੀ ਲੱਗਣੇ ਸ਼ੁਰੂ ਹੋ ਗਏ ਹਨ । ਇਸ ਤਰ੍ਹਾਂ ਖਾਣਾ ਕਈ ਵਾਰ ਖੜ੍ਹ ਕੇ ਹੀ ਖਾਣਾ ਪੈਂਦਾ ਹੈ ਜਿਸ ਨਾਲ ਪਲੇਟ ਸਾਂਭਣੀ ਔਖੀ ਹੁੰਦੀ ਹੈ ।ਬਜੁਰਗਾਂ ਲਈ ਤਾਂ ਖਾਣਾ ਹੋਰ ਵੀ ਔਖਾ ਹੁੰਦਾ ਹੈ ।ਪਰਿਵਾਰਿਕ ਮੈਂਬਰਾਂ ਦਾ ਸਾਰਾ ਧਿਆਨ ਖਾਣ ਵਾਲੇ ਪ੍ਰਬੰਧ 'ਚ ਹੁੰਦਾ ਹੈ , ਗੁਰਦੁਆਰਾ , ਮੰਦਰ ਜਾਂ ਜਿਸ ਥਾਂ ਅੰਤਿਮ ਅਰਦਾਸ ਲਈ ਕੀਰਤਨ , ਕਥਾ ਹੁੰਦੀ ਹੈ ਉਥੇ ਸੁਣਨ ਲਈ ਪਰਿਵਾਰ ਲਈ ਸਮਾਂ ਨਹੀਂ ਰਹਿੰਦਾ ।ਇਹੋ ਜਿਹੇ ਸਰਧਾਂਜ਼ਲੀ ਸਮਾਗਮ ਵੀ ਦੇਖਣ ਨੂੰ ਮਿਲਦੇ ਹਨ ਜਿਥੇ ਵਿਆਹ ਵਾਂਗ ਭਾਂਤ-ਸਵਾਂਤੀਆਂ ਸਟਾਲਾਂ ਵੀ ਲੱਗੀਆਂ ਹੁੰਦੀਆਂ ਹਨ । ਢਿੱਡ ਭਰਨ ਲਈ ਦਾਲ ਰੋਟੀ ਕਾਫੀ ਹੈ , ਉਹ ਵੀ ਉਨ੍ਹਾਂ ਲਈ ਹੋਵੇ ਜੋ ਦੂਰੋਂ ਆਉਂਦੇ ਹਨ ਜਿਨ੍ਹਾਂ ਨੂੰ ਵਾਪਸ ਜਾਂਦੇ ਸਮੇਂ ਖਾਣੇ ਦਾ ਸਮਾਂ ਨਹੀਂ ਰਹਿੰਦਾ , ਸਥਾਨਕ ਲੋਕਾਂ ਨੂੰ ਮਜਬੂਰਨ ਘੇਰ ਕੇ ਪਹਿਲਾਂ ਖਾਣਾ ਖਾਣ ਲਈ ਪੰਡਾਲ ਵਿੱਚ ਭੇਜਿਆ ਜਾਂਦਾ ਹੈ ।ਹੁਣ ਇਹ ਰਿਵਾਜ਼ ਹੀ ਬਣ ਗਿਆ ਹੈ ।ਕਈ ਤਾਂ ਸਿਰਫ ਖਾਣੇ ਖਾਣ ਤੱਕ ਸੀਮਤ ਰਹਿੰਦੇ ਹਨ ,ਖਾਣਾ ਖਾ ਬਾਹਰੋਂ ਹੀ ਮੁੜ ਜਾਂਦੇ ਹਨ । ਰਾਜਨੀਤਕ ਨੇਤਾ ਇਹੋ ਜਿਹੇ ਸਮਾਗਮਾਂ ਦੀ ਤਾਕ ਵਿੱਚ ਰਹਿੰਦੇ ਹਨ , ਉਹ ਵੋਟਾਂ ਪੱਕੀਆਂ ਕਰਨ ਲਈ ਆਪਣੇ ਸਾਥੀਆਂ ਨਾਲ ਇੱਕ ਵਾਰੀ ਹਾਜ਼ਰੀ ਜਰੂਰ ਲਾਉਣ ਦੀ ਕੋਸ਼ਿਸ਼ ਕਰਦੇ ਹਨ । ਪਰਿਵਾਰ ਨਾਲ ਉਂਝ ਪਹਿਲਾਂ ਕਦੇ ਉਨ੍ਹਾਂ ਦੀ ਮਿਲਣੀ ਭੀ ਨਾ ਹੋਈ ਹੋਵੇ ।ਇਸ ਨਵੇਂ ਰੁਝਾਣ ਨਾਲ ਆਮ ਪਰਿਵਾਰ ਵੀ ਦੇਖੋ ਦੇਖੀ ਜਾਂ ਲੋਕਲਾਜ ਲਈ ਇਹੋ ਜਿਹਾ ਸਮਾਗਮ ਕਰ ਲੈਂਦੇ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਕਾਫੀ ਸਮਾਂ ਲੀਹ ਤੇ ਨਹੀਂ ਆਉਂਦੀ , ਉਨ੍ਹਾਂ ਲਈ ਜੇ ਸੋਚਿਆ ਜਾਵੇ ਇਹੋ ਜਿਹਾ ਕਰਨਾ ਫਜ਼ੂਲ ਹੀ ਲੱਗਦਾ ਹੈ ।ਕਈ ਪਰਿਵਾਰਾਂ ਵਲੋਂ ਭਾਵੇਂ ਬਜ਼ੁਰਗਾਂ ਨੂੰ ਜਿਊਂਦੇ ਜੀਅ ਤਾਂ ਚੱਜ ਨਾਲ ਦਵਾਈ ਬੂਟੀ ,ਰੋਟੀ ਨਾ ਦਿੱਤੀ ਜਾਂਦੀ ਹੋਵੇ , ਪਰ ਬਾਅਦ 'ਚ ਭੋਗ ਸਮੇਂ ਕਈ ਪ੍ਰਕਾਰ ਦੇ ਪਕਵਾਨ ਬਣਾ ਕੇ ਲੋਕਾਂ 'ਚ ਵਾਹ ਵਾਹ ਖੱਟਣ ਵਾਲੀ ਹੀ ਗੱਲ ਹੁੰਦੀ ਹੈ ।ਪਰ ਦੂਜੇ ਪਾਸੇ ਸਾਦੀ ਰਸਮ ਭੋਗ ਸਮੇਂ ਜੇ ਹੋਵੇ ਤਾਂ ਕਿੰਨਾ ਚੰਗਾ ਹੋਵੇਗਾ । ਆਰਾਮ ਨਾਲ ਚੌਂਕੜਾ ਮਾਰ ਪੰਗਤ ਵਿੱਚ ਬੈਠ ਸਾਦਾ ਭੋਜਨ ਛੱਕਣਾ ਮਨ ਨੂੰ ਸਕੂਨ ਦਿੰਦਾ ਹੈ , ਖਾਣਾ ਵਰਤਾਉਣ ਵਾਲੇ ਘਰ ਦੇ , ਸਰੀਕੇ ਦੇ ,ਸਕੇ ਸਬੰਧੀ ਆਦਿ ਜਦੋਂ ਛਕਾਉਂਦੇ ਹਨ ਤਾਂ ਇੱਕ ਵੱਖਰਾ ਹੀ ਆਨੰਦ ਆਉਂਦਾ ਹੈ , ਢਿੱਡ ਵੀ ਭਰ ਜਾਂਦਾ ਹੈ ।ਇਸ ਨੂੰ ਗੁਰੂ ਕਾ ਲੰਗਰ ਕਹਿ ਸਕਦੇ ਹਾਂ ।ਪਰ ਕੁਰਸੀਆਂ ਤੇ ਬੈਠ ਜਾਂ ਖੜ੍ਹ ਕੇ ਹਲਵਾਈਆਂ ਤੋਂ ਬਣਿਆ ਅਤੇ ਬੈਰਿਆਂ ਵਲੋਂ ਵਰਤਾਇਆ ਖਾਣਾ ਕੀ ਲੰਗਰ ਹੋ ਸਕਦਾ ?

ਨਿਊਯਾਰਕ
ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਮੇਜਰ ਸਿੰਘ ਨਾਭਾ,
ਮੋ.. 9463553962

ਬਜ਼ੁਰਗ ਹੋਣ ਤੇ ਇਨਸਾਨ ਬੱਚਿਆਂ ਵਾਂਗ ਹਰੇਕ ਚੀਜ਼ ਖਾਣ ਲਈ ਲੋਚਦਾ ਹੈ , ਕਈ ਵਾਰੀ ਉਹ ਆਪਣੇ ਬੱਚਿਆਂ ਨੂੰ ਕਹਿ ਨਹੀਂ ਸਕਦਾ , ਇਸ ਲਈ ਬਜ਼ੁਰਗਾਂ ਨੂੰ ਖਾਣ ਲਈ ਉਨ੍ਹਾਂ ਦੇ ਮਨਪਸੰਦ ਦੀਆਂ ਨਰਮ ਨਰਮ ਚੀਜ਼ਾਂ ਆਪ ਬਣਾ ਕੇ ਜਾਂ ਬਜ਼ਾਰ 'ਚੋਂ ਵਧੀਆ ਕਿਸਮ ਦੀਆਂ ਲਿਆ ਕੇ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ ।ਇਸ ਤਰ੍ਹਾਂ ਉਨ੍ਹਾਂ ਅੰਦਰਲੀ ਖੁਸ਼ੀ ਦਾ ਅਹਿਸਾਸ ਸਾਨੂੰ ਸਮਝ ਲੈਣਾ ਚਾਹੀਦਾ ਹੈ ।ਕਈ ਬਜੁਰਗ ਆਖਰੀ ਉਮਰ ਵਿੱਚ ਆਪਣੇ ਪੁੱਤਰ / ਪੁੱਤਰਾਂ ਤੋਂ ਤੰਗ ਆ ਕੇ ਵੱਖਰੇ ਰਹਿ ਕੇ ਵੱਖਰੀ ਰੋਟੀ ਬਣਾਉਂਦੇ ਦੇਖੇ ਗਏ ਹਨ ਪਰ ਉਨ੍ਹਾਂ ਦੀ ਮੌਤ ਹੋਣ ਤੇ ਪੁੱਤਰ ਵੱਡੇ ਸਮਾਗਮ ਰਚਾ ਕੇ ਐਂਵੇ ਮੋਹ ਦਾ ਦਿਖਾਵਾ ਕਰਦੇ ਹਨ ।ਅੱਜ ਦੇ ਪੁੱਤਰਾਂ ਨੂੰ ਇਹ ਗੱਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਕੱਲ੍ਹ ਨੂੰ ਉਨ੍ਹਾਂ ਨੇ ਵੀ ਬੁੱਢੇ ਹੋਣਾ ਹੈ ਉਨ੍ਹਾਂ ਨਾਲ ਇਸ ਤੋਂ ਹੋ ਸਕਦਾ ਵੱਧ ਹੀ ਮਾੜਾ ਵਿਵਹਾਰ ਉਨ੍ਹਾਂ ਦੇ ਬੱਚੇ ਕਰਨ ।ਪਰਿਵਾਰਕ ਸੰਸਕਾਰਾਂ ਦੀ ਅਹਿਮੀਅਤ ਸਾਨੂੰ ਸਮਝ ਲੈਣੀ ਚਾਹੀਦਾ ਹੈ ।ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਮਾਪਿਆਂ ਨੂੰ ਉਨ੍ਹਾਂ ਲਈ ਵੀ ਬਣਦਾ ਮਾਣ ਸਤਿਕਾਰ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜਿਊਂਦੇ ਜੀਅ ਦੇਣਾ ਬਣਦਾ ਹੈ ।ਮਰਨ ਤੋਂ ਬਾਅਦ ਵਿੱਚ ਵੀ ਸਾਰਾ ਕੁਝ ਬੱਚਿਆਂ ਕੋਲ ਹੀ ਜਾਣਾ ਹੁੰਦਾ ਹੈ ।ਇਹ ਸੋਚ ਛੱਡ ਦੇਣੀ ਚਾਹੀਦੀ ਹੈ ਕਿ ਪੈਸਿਆਂ , ਜਾਂ ਆਪਣੇ ਨਾਮ ਜਾਇਦਾਦ ਹੋਣ ਸਦਕਾ ਰੋਟੀ ਮਿਲੇਗੀ , ਇਹ ਕੋਈ ਜਰੂਰੀ ਨਹੀਂ ।ਇਹੋ ਜਿਹਾ ਪਰਿਵਾਰ ਮੇਰੇ ਇੱਕ ਜਾਣਕਾਰ ਦਾ ਦੇਖਿਆ ਜਿਸ ਦੇ ਦੋ ਮੁੰਡੇ ਹਨ , ਤਿੰਨ ਹਿੱਸੇ ਜਮੀਨ ਦੇ ਕਰ , ਦੋ ਹਿੱਸੇ ਮੁੰਡਿਆਂ ਨੂੰ ਦੇ ਦਿੱਤੇ ਇੱਕ ਹਿੱਸਾ ਆਪ ਰੱਖ ਲਿਆ ।ਦੋਹਾਂ ਨਾਲ ਰਹਿਣ ਦੀ ਗੱਲ ਨਾ ਬਣੀ , ਵੱਖਰੀ ਰੋਟੀ ਆਪ ਹੀ ਉਨ੍ਹਾਂ ਨੂੰ ਬਣਾਉਣੀ ਪਈ , ਜ਼ਮੀਨ ਦਾ ਮੁੱਲ ਨਹੀਂ ਪਇਆ ।ਇੱਕ ਪਰਿਵਾਰ ਦੇ ਇਕੱਲਾ ਬੇਟਾ ਹੈ , ਮਾਂ-ਬਾਪ ਦੀ ਬੇਟੇ ਅਤੇ ਨੂੰਹ ਨਾਲ ਬਣਤ ਨਹੀਂ ਬਣੀ , ਪਹਿਲਾਂ ਤਾਂ ਘਰ ਵਿੱਚ ਹੀ ਰੋਟੀ ਵੱਖਰੀ ਹੋ ਗਈ , ਫਿਰ ਵੀ ਗੱਲ ਨਾ ਬਣੀ , ਕਲੇਸ਼ ਤੋਂ ਡਰਦੇ ਬਜ਼ੁਰਗ ਪਤੀ ਪਤਨੀ ਹੋਰ ਮੁਹੱਲੇ ਵਿੱਚ ਕਿਰਾਏ ਉੱਪਰ ਰਹਿਣ ਲੱਗ ਪਏ ।ਅਜੇ ਤਾਂ ਉਨ੍ਹਾਂ ਦੇ ਹੱਥ ਪੈਰ ਚਲਦੇ ਹਨ ਆਪਣਾ ਰੋਟੀ ਪਾਣੀ , ਹੋਰ ਸਾਰਾ ਕੁਝ ਕਰੀ ਜਾਂਦੇ ਹਨ ਕਿਉਂ ਕਿ ਦੋਵੇਂ ਸਰਕਾਰੀ ਪੈਨਸ਼ਨਰਜ਼ ਹਨ , ਕੋਈ ਤੰਗੀ ਨਹੀਂ ਆਉਂਦੀ ਪਰ ਜਦੋਂ ਹੱਥ ਪੈਰ ਖੜ੍ਹ ਗਏ ਫਿਰ ਕੌਣ ਸਾਂਭੇਗਾ ।ਮਰਨ ਤੋਂ ਬਾਦ ਕੀ ਪੁੱਤਰ ਭੋਗ ਨਹੀਂ ਪਾਵੇਗਾ , ਹੋ ਸਕਦਾ ਵਿਆਹ ਵਰਗਾ ਹੀ ਕਰ ਦੇਵੇ ਕਿਉਂ ਕਿ ਜਾਇਦਾਦ ਵੀ ਤਾਂ ਮਿਲਣੀ ਹੁੰਦੀ ਹੈ । ਇਹੋ ਜਿਹੇ ਪਰਿਵਾਰਾਂ ਦੀ ਖਟਾਸ ਭਰੀ ਜ਼ਿੰਦਗੀ ਸਮਾਜ ਵਿੱਚ ਦੇਖਣ ਨੂੰ ਵੀ ਮਿਲਦੀ ਹੈ ।ਸੋ ਬੱਚਿਆਂ ਅਤੇ ਮਾਪਿਆਂ ਅੰਦਰ ਕਠੋਰਤਾ ਨਹੀਂ ਸਗੋਂ ਲਚਕਤਾ ਹੋਣ ਤੇ ਹੀ ਪਰਿਵਾਰ ਸੁੱਖੀ ਰਹਿ ਸਕਦਾ ਹੈ ।ਪਰਿਵਾਰਾਂ ਨੂੰ ਫਜ਼ੂਲ ਦੇ ਭੋਗ ਸਮਾਗਮਾਂ ਉੱਪਰ ਖਰਚੇ ਕਰਕੇ ਵਡਿਆਈ ਲੈਣ ਦੀ ਥਾਂ ਬਜ਼ੁਰਗਾਂ ਦੀ ਜਿਊਂਦੇ ਜੀਅ ਰੱਜ ਕੇ ਸੇਵਾ ਕਰਨੀ ਚਾਹੀਦੀ ਹੈ । ਇਹ ਅੱਜ ਦੇ ਬੱਚਿਆਂ ਅਤੇ ਮਾਪਿਆਂ ਨੂੰ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ ।

## ਬਾਲ ਕਹਾਣੀ - ਗਿਲਹਰੀ ਦਾ ਜਨਮਦਿਨ

ਜੰਗਲ ਵਿੱਚ ਅਚਾਨਕ ਰੌਣਕ ਹੋ ਗਈ। ਪੰਛੀ ਤੇ ਜਾਨਵਰ ਇੱਕ - ਦੂਜੇ ਵੱਲ ਦੇਖਣ ਲੱਗੇ। ਦੌੜਿਆ - ਦੌੜਿਆ ਖਰਗੋਸ਼ ਆ ਕੇ ਦੱਸਣ ਲੱਗਾ ਕਿ ਅੱਜ ਮੀਤੀ ਗਿਲਹਰੀ ਦਾ ਜਨਮ ਦਿਨ ਹੈ। ਇਸ ਲਈ ਸੰਗੀਤ ਦੀਆਂ ਆਵਾਜ਼ਾਂ ਆ ਰਹੀਆਂ ਹਨ। ਸਾਰਿਆਂ ਨੂੰ ਰਾਤ ਦੇ ਪ੍ਰੋਗਰਾਮ ਲਈ ਸੱਦਿਆ ਗਿਆ। ਸਭ ਖੁਸ਼ ਸਨ ਕਿ ਰਾਤ ਨੂੰ ਨੱਚਾਂਗੇ ਤੇ ਖਾਵਾਂਗੇ। ਸ਼ਾਮ ਹੋਈ ਤਾਂ ਸਭ ਇਹ ਦੇਖ ਕੇ ਹੈਰਾਨ ਹੋਏ ਕਿ ਇੱਕ ਵੱਡੇ ਪ੍ਰੋਗਰਾਮ ਦਾ ਆਯੋਜਨ ਖੁੱਲ੍ਹੇ ਮੈਦਾਨ ਵਿੱਚ ਕੀਤਾ ਹੋਇਆ ਹੈ। ਖਾਣ - ਪੀਣ ਲਈ ਭਾਂਤ - ਭਾਂਤ ਦੀਆਂ ਸੁਆਦਲ਼ੀਆਂ ਚੀਜ਼ਾਂ ਤੇ ਪਕਵਾਨ ਸਜਾਏ ਹੋਏ ਸਨ। ਕੇਕ ਕੱਟਿਆ ਗਿਆ। ਸਭ ਨੇ ਮੀਤੀ ਗਿਲਹਰੀ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਤੇ ਫਿਰ ਖਾਣਾ ਖਾਣ ਚਲੇ ਗਏ। ਕਈ ਪੰਛੀ ਤੇ ਜਾਨਵਰ ਭੋਜਨ ਖਾ ਕੇ ਖੁਸ਼ੀ ਨਾਲ ? ਨੱਚਣ ਲੱਗੇ ਤੇ ਕਈ ਜਲਦੀ ਹੀ ਆਪਣੇ - ਆਪਣੇ ਘਰਾਂ ਨੂੰ ਵਾਪਿਸ ਚਲੇ ਗਏ। ਰਾਤ ਕਾਫੀ ਬੀਤ ਗਈ ਸੀ। ਪਰ ਭੀਰੂ ਹਿਰਨ ਅਜੇ ਵੀ ਕੁਝ ਨਾ ਕੁਝ ਖਾ ਰਿਹਾ ਸੀ। ਸਾਰੇ ਜੰਗਲ ਦੇ ਜਾਨਵਰ ਤੇ ਪੰਛੀ ਉਸਨੂੰ ਜਾਣਦੇ ਸਨ ਕਿ ਉਹ ਮੁਫ਼ਤ ਦਾ ਭੋਜਨ ਦੇਖ ਕੇ ਲਾਲਚ ਵਸ ਲੋੜ ਅਤੇ ਭੁੱਖ ਤੋਂ ਜ਼ਿਆਦਾ ਭੋਜਨ ਖਾ ਲੈਂਦਾ ਹੈ। ਅੱਜ ਵੀ ਇਹੋ ਕੁਝ ਹੋਇਆ। ਭੀਰੂ ਹਿਰਨ ਸੁਆਦਲੀ ਆਇਸ ਕਰੀਮ ਖਾ ਰਿਹਾ ਸੀ। ਕੋਈ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਝੱਟ ਲੜਨ ਲੱਗ ਜਾਂਦਾ। ਸਾਰਿਆਂ ਦਾ ਧਿਆਨ ਅੱਜ ਭੀਰੂ ਹਿਰਨ ਵੱਲ ਹੀ ਸੀ। ਉਹ ਕਦੇ ਫਾਸਟ - ਫੂਡ ਖਾ ਰਿਹਾ ਸੀ ਤੇ ਕਦੇ ਵਾਰ - ਵਾਰ ਆਇਸ ਕਰੀਮ। ਕੁਝ ਸਮੇਂ ਬਾਅਦ ਉਹ ਪ੍ਰੇਸ਼ਾਨ ਜਿਹਾ ਦਿਖਾਈ ਦਿੱਤਾ। ਜਦੋਂ ਕਾਲ਼ੇ ਲੰਗੂਰ ਨੇ ਉਸਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸਦੇ ਪੇਟ/ਢਿੱਡ 'ਚ ਤੇਜ਼ ਦਰਦ ਹੋ ਰਿਹਾ ਹੈ। ਉਹ ਜਲਦੀ ਹੀ ਘਰ ਚਲਾ ਗਿਆ। ਉਸਦੀ ਸਿਹਤ ਕਈ ਦਿਨ ਤੱਕ ਖਰਾਬ ਰਹੀ। ਉਸਦੀ ਖਬਰ ਲੈਣ ਪਹੁੰਚੀ ਗੁਟਾਰ ਨੇ ਜਦੋਂ ਉਸਨੂੰ ਸਮਝਾਇਆ ਤਾਂ ਉਹ ਬੋਲਿਆ ਕਿ ਮੈਂ ਹੀ ਗਲਤੀ ਕੀਤੀ ਹੈ ਤੇ ਹੁਣ ਮੈਂ ਕਦੇ ਵੀ ਲਾਲਚ ਕਰਕੇ ਵੱਧ ਭੋਜਨ ਨਹੀਂ ਖਾਇਆ ਕਰਾਂਗਾ।



**ਸਿੱਖਿਆ : ਮੁਫ਼ਤ ਦਾ ਭੋਜਨ ਦੇਖ ਕੇ ਲੋੜ ਤੋਂ ਵੱਧ ਨਹੀਂ ਖਾਣਾ ਚਾਹੀਦਾ ; ਅਜਿਹਾ ਕਰਨਾ ਸਿਹਤ ਲਈ ਹਾਨੀ ਪਹੁੰਚਾਉਂਦਾ ਹੈ।**

ਮਾਸਟਰ ਸੰਜੀਵ ਧਰਮਾਣੀ 9478561356

## ਵਿਦਿਆਰਥੀਆਂ ਲਈ ਧਾਰਮਿਕ ਸਿੱਖਿਆ ਦੇ ਮੁਜੱਸਮੇ ਵਜੋਂ ਕੰਮ ਕਰ ਰਹੇ ਪੰਥਕ ਅਦਾਰਿਆਂ ਨੂੰ ਸਿਜਦਾ.....



ਅੱਜ ਦੇ ਸਮੇਂ ਸਾਡੇ ਸਮਾਜ ਅੰਦਰ ਨੌਜਵਾਨ ਵਰਗ ਧਾਰਮਿਕ ਖੇਤਰ ਤੋਂ ਇੱਕ ਪਾਸੇ ਹੋ ਕੇ ਆਪਣੀ ਜ਼ਿੰਦਗੀ ਬਤੀਤ ਕਰਦਾ ਨਜ਼ਰੀਂ ਪੈਂਦਾ ਹੈ । ਪੰਜਾਬ ਤੋਂ ਇਲਾਵਾ ਭਾਰਤ ਦੇਸ਼ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਦੇ ਅੰਦਰ ਅੱਜ ਜਦੋਂ ਅਸੀਂ ਸਰਸਰੀ ਨਜ਼ਰ ਮਾਰਦੇ ਹਾਂ ਤਾਂ ਨੌਜਵਾਨ ਵਰਗ ਪੰਥ ਖੇਤਰ ਤੋਂ ਅਲਹਿਦਾ ਹੋ ਕੇ ਜ਼ਿੰਦਗੀ ਬਤੀਤ ਕਰ ਰਿਹਾ ਹੈ । ਇਹ ਕੋਈ ਇੱਕ ਘਟਨਾ ਨਹੀਂ ਹੈ ਪੂਰੀ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦੇ ਵਿੱਚ ਨੌਜਵਾਨ ਵਰਗ ਦੀ ਧਾਰਮਿਕ ਪੱਖ ਤੋਂ ਕਮਜ਼ੋਰੀ ਸਾਡੇ ਸਾਹਮਣੇ ਜੱਗ ਜਾਹਰ ਹੈ । ਬਹੁਤ ਸਾਰੇ ਖਿਤਿਆਂ ਦੇ ਅੰਦਰ ਨੌਜਵਾਨ ਵਰਗ ਪੰਥਕ ਖੇਤਰ ਤੋਂ ਦੂਰ ਹੋ ਕੇ ਇੱਕ ਪਾਸੇ ਤਾਂ ਜਾ ਹੀ ਰਿਹਾ ਹੈ ਅਤੇ ਨਾਲ ਦੀ ਨਾਲ ਦੂਜੇ ਧਰਮਾਂ ਵੱਲ ਵੀ ਅਕਰਸਤ ਹੋ ਕੇ ਆਪਣਾ ਚਿਹਰਾ ਮੋਹਰਾ ਵੀ ਬਦਲ ਰਿਹਾ ਹੈ । ਇਹੋ ਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਸਾਡੇ ਸਮਾਜ ਅੰਦਰ ਵਾਪਰ ਰਹੀਆਂ ਹਨ ।

ਨਿਊਯਾਰਕ
ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਲੇਖਕ - ਸ਼ਿੰਦਰ ਸਿੰਘ ਮੀਰਪੁਰੀ
5592850841

ਪਰ ਜੇ ਇਸ ਸਾਰੇ ਦੇ ਮੁਕਾਬਲੇ ਤੇ ਸੋਚੀਏ ਤਾਂ ਕੁਝ ਸ਼ਖਸੀਅਤਾਂ ਸਾਡੇ ਸਮਾਜ ਅੰਦਰ ਉਹ ਹੁੰਦੀਆਂ ਨੇ ਜੋ ਬਿਨਾਂ ਸ਼ੱਕ ਦਿਲ ਤੋਂ ਲਾ ਕੇ ਸਮਾਜ ਸੇਵਾ ਦੇ ਨਾਲ ਨਾਲ ਆਪਣੇ ਕੌਮੀ ਪੰਥਕ ਖੇਤਰ ਅੰਦਰ ਵੀ ਆਪਣੀ ਆਉਣ ਵਾਲੀ ਪੀੜੀ ਅਤੇ ਨੌਜਵਾਨਾਂ ਨੂੰ ਸਿੱਖਿਆ ਦੇ ਨਾਲ ਜੋੜਨ ਦਾ ਯਤਨ ਕਰਦੀਆਂ ਹਨ ਅਤੇ ਇਤਿਹਾਸਿਕ ਦਸਤਾਵੇਜਾਂ ਰਾਹੀਂ ਆਉਣ ਵਾਲੀ ਪੀੜੀ ਨੂੰ ਪੰਥਕ ਖੇਤਰ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਰਹਿੰਦੀਆਂ ਹਨ । ਭਾਵੇਂ ਅਜਿਹੀਆਂ ਸ਼ਖਸੀਅਤਾਂ ਅਤੇ ਜਥੇਬੰਦੀਆਂ ਘੱਟ ਜਰੂਰ ਹਨ ਪਰ ਜਿਹੜੀਆਂ ਹੈਗੀਆਂ ਉਨ੍ਹਾਂ ਵੱਲੋਂ ਆਪਣਾ ਕੰਮ ਕੀਤਾ ਜਾ ਰਿਹਾ ਹੈ । ਅਜਿਹੀ ਹੀ ਇੱਕ ਧਾਰਮਿਕ ਸੰਸਥਾ ਅਮਰੀਕਾ ਵਿੱਚ ਕੰਮ ਕਰ ਰਹੀ ਹੈ । ਅਮਰੀਕਾ ਦੇ ਸ਼ਹਿਰ ਫਰਿਜਨੋ ਵਿਖੇ ਸਥਿਤ ਗੁਰਦੁਆਰਾ ਸਾਹਿਬ ਗੁਰ ਮਿਲਾਪ ਵੱਲੋਂ ਨੌਜਵਾਨ ਪੀੜੀ ਦੇ ਨਾਲ ਨਾਲ ਛੋਟੇ ਬੱਚਿਆਂ ਨੂੰ ਧਾਰਮਿਕ ਖੇਤਰ ਵੱਲ ਮੋੜਨ ਦੇ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ । ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਕੌਮੀ ਜਜ਼ਬੇ ਵਿੱਚ ਗੜੁੱਚ ਹੋ ਕੇ ਕੀਤੇ ਜਾ ਰਹੇ ਕਾਰਜ ਵਿਲੱਖਣ ਹਨ ।

ਇਸ ਦੇ ਕਰਤਾ ਧਰਤਾ ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਅਮਰੀਕਾ ਦੇ ਫਰਿਜਨੋ ਵਿਖੇ ਕੀਤੇ ਜਾ ਰਹੇ ਪੰਥਕ ਕਾਰਜਾਂ ਤੋਂ ਇਲਾਵਾ ਰਾਜਸਥਾਨ ਦੇ ਸ਼ਹਿਰ ਅਲਬਰ ਦੇ ਨੇੜਲੇ ਪਿੰਡ ਲਿਵਾਰੀ ਵਿਖੇ ਵੀ ਛੋਟੇ ਬੱਚਿਆਂ ਨੂੰ ਧਾਰਮਿਕ ਅਤੇ ਪੰਜਾਬੀ ਮਾਂ ਬੋਲੀ ਦੀ ਸਿੱਖਿਆ ਦਿੱਤੀ ਜਾ ਰਹੀ ਹੈ । ਇਸ ਸੰਸਥਾ ਦਾ ਇੱਕ ਵੱਡਾ ਪੱਖ ਇਹ ਵੀ ਹੈ ਕਿ ਇਨ੍ਹਾਂ ਵੱਲੋਂ ਬਿਨਾਂ ਸੱਕ ਵੱਡੇ ਪੱਧਰ ਤੇ ਕਾਰਜ ਕੀਤੇ ਜਾਂਦੇ ਹਨ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਸਾਰੇ ਕਾਰਜ ਧਾਰਮਿਕ ਪੱਖ ਨੂੰ ਮੁੱਖ ਰੱਖ ਕੇ ਕੀਤੇ ਜਾ ਰਹੇ ਹਨ ਉਨ੍ਹਾਂ ਵੱਲੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਦਾ ਯਤਨ ਵੀ ਕੀਤਾ ਜਾ ਰਿਹਾ ਹੈ । ਛੋਟੇ ਬੱਚਿਆਂ ਨੂੰ ਕੀਰਤਨ, ਕਥਾ, ਰਾਗ ਵਿਦਿਆ, ਪੰਜਾਬੀ ਮਾਂ ਬੋਲੀ ਅਤੇ ਇਤਿਹਾਸਿਕ ਗਿਆਨ ਦਿੱਤਾ ਜਾਂਦਾ ਹੈ । ਜਿਸ ਦੀ ਅਮਰੀਕਾ ਅਤੇ ਪੰਜਾਬ ਦੇ ਸਿੱਖਾਂ ਵੱਲੋਂ ਭਰਵੀਂ ਸਲਾਂਘਾ ਕੀਤੀ ਜਾ ਰਹੀ ਹੈ ਲੋਕ ਅਕਸਰ ਗੱਲਬਾਤ ਰਾਹੀਂ ਭਾਈ ਜਗਦੀਸ਼ ਸਿੰਘ ਹੋਰਾਂ ਦੀ ਸਿਫ਼ਤ ਜਰੂਰ ਕਰਦੇ ਰਹਿੰਦੇ ਹਨ । ਕਿਉਂਕਿ ਉਹਨਾਂ ਦਾ ਉਪਰਾਲਾ ਧਾਰਮਿਕ ਖੇਤਰ ਦੇ ਅੰਦਰ ਬਹੁਤ ਵੱਡਾ ਤੇ ਵਿਲੱਖਣ ਹੈ ।

ਜੋ ਪੰਥਕ ਕਾਰਜ ਗੁਰਦੁਆਰਾ ਗੁਰ ਮਿਲਾਪ ਫਰਿਜਨੋ ਤੇ ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਦੁਨੀਆਂ ਦੇ ਅੰਦਰ ਚਲਾਏ ਜਾ ਰਹੇ ਹਨ ਬਿਨਾਂ ਸ਼ੱਕ ਇਹ ਇੱਕ ਬੜੀ ਵੱਡੀ ਗੱਲ ਹੈ । ਕਿਉਂਕਿ ਕੋਈ ਵੀ ਇਨਸਾਨ ਅੱਜ ਦੇ ਪਦਾਰਥਵਾਦੀ ਯੁਗ ਦੇ ਅੰਦਰ ਆਪਣੀ ਆਉਣ ਵਾਲੀ ਪੀੜੀ ਨੂੰ ਧਾਰਮਿਕ ਅਤੇ ਪੰਜਾਬੀ ਮਾਂ ਬੋਲੀ ਦੇ ਨਾਲ ਜੋੜਨ ਦੇ ਲਈ ਇਨਾਂ ਯਤਨਸ਼ੀਲ ਨਹੀਂ ਰਹਿੰਦਾ ਜਿੰਨਾ ਯਤਨਸ਼ੀਲ ਗੁਰਦੁਆਰਾ ਸਾਹਿਬ ਗੁਰਮਿਲਾਪ ਦੇ ਪ੍ਰਬੰਧਕ ਹਨ । ਪ੍ਰਬੰਧਕਾਂ ਦੇ ਇਸ ਅਵੱਲੇ ਕਾਰਜ ਨੂੰ ਸਿਜਦਾ ਕਰਨਾ ਬਣਦਾ ਹੈ । ਨਹੀਂ ਤਾਂ ਅੱਜ ਦੇ ਸਮੇਂ ਅੰਦਰ ਅਸੀਂ ਸਾਰੇ ਆਪਣੇ ਨਿੱਜੀ ਮੁਫਾਦਾਂ ਨੂੰ ਲੈ ਕੇ ਪਦਾਰਥਵਾਦੀ ਯੁਗ ਦੇ ਅੰਦਰ ਵਿਚਰਦੇ ਹੋਏ ਆਪਣੇ ਕੰਮ ਧੰਦਿਆਂ ਵਿੱਚ ਵਿਅਸਤ ਰਹਿੰਦੇ ਹਾਂ ਪਰ ਰਾਜਸਥਾਨ ਵਰਗੇ ਸੂਬੇ ਦੇ ਵਿੱਚ ਜਾ ਕੇ ਗੁਰਦੁਆਰਾ ਗੁਰ ਮਿਲਾਪ ਦੇ ਪ੍ਰਬੰਧਕਾਂ ਵੱਲੋਂ ਕੀਤੇ ਜਾ ਰਹੇ ਕਾਰਜ ਆਪਣੇ ਆਪ ਵਿੱਚ ਵੱਖਰੀ ਮਿਸਾਲ ਹਨ ।

ਸਾਡਾ ਸਾਰਿਆਂ ਦਾ ਫਰਜ਼ ਬਣਦਾ ਹ ਕਿ ਅਸੀਂ ਵੀ ਇਹੋ ਜਿਹੀਆਂ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਹੱਲਾਸ਼ੇਰੀ ਦੇ ਕੇ ਉਹਨਾਂ ਦੀ ਸਿਫਤ ਕਰਦੇ ਰਹੀਏ । ਕਿਉਂਕਿ ਅੱਜ ਦੇ ਸਮੇਂ ਅੰਦਰ ਬਹੁਤ ਸਾਰੇ ਘੱਟ ਇਨਸਾਨ ਹਨ ਜੋ ਅਜਿਹੇ ਕਾਰਜ ਕਰ ਰਹੇ ਹਨ ਨਹੀਂ ਤਾਂ ਅਸੀਂ ਸਾਰੇ ਆਪਣੀਆਂ ਨਿੱਜੀ ਗਰਜਾਂ ਤੋਂ ਪਾਸੇ ਨਹੀਂ ਜਾ ਰਹੇ । ਗੁਰਦੁਆਰਾ ਗੁਰ ਮਿਲਾਪ ਜਿੱਥੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇ ਰਹੀ ਹੈ ਉਥੇ ਹੀ ਪੰਜਾਬੀ ਮਾਂ ਬੋਲੀ ਦੀ ਗੱਲ ਵੀ ਕੀਤੀ ਜਾ ਰਹੀ ਹੈ ਬੱਚਿਆਂ ਨੂੰ ਕੀਰਤਨ ਸਿਖਾਇਆ ਜਾ ਰਿਹਾ ਹੈ । ਬੱਚੇ ਕਥਾ ਕਰ ਰਹੇ ਹਨ । ਇੱਕ ਪਾਸੇ ਗੁਰੂ ਸਾਹਿਬ ਵੱਲੋਂ ਬਖਸ਼ੀ ਪਾਵਨ ਗੁਰਬਾਣੀ ਦੀ ਵਿਆਖਿਆ ਵੀ ਸਿਖਾਈ ਜਾ ਰਹੀ ਹੈ । ਇਹ ਸਭ ਕੁਝ ਕਿੰਨੇ ਕੁ ਅਦਾਰਿਆਂ ਵਿੱਚ ਅੱਜ ਸਾਨੂੰ ਵੇਖਣ ਨੂੰ ਮਿਲਦਾ ਹੈ, ਕਹਿਣ ਦੀ ਗੱਲ ਨਹੀਂ । ਆਓ ਸਾਰੇ ਅਜਿਹੀਆਂ ਜਥੇਬੰਦੀਆਂ ਦਾ ਸਾਥ ਦਈਏ ਤਾਂ ਕਿ ਸਾਡੀ ਨਵੀਂ ਪੀੜੀ ਗੁਰੂ ਸਾਹਿਬ ਦੇ ਲੜ ਲੱਗ ਸਕੇ । ਬਿਨਾਂ ਸ਼ੱਕ ਗੁਰਦੁਆਰਾ ਸਾਹਿਬ ਗੁਰਮਿਲਾਪ ਫਰਿਜ਼ਨੋ ਦੇ ਪ੍ਰਬੰਧਕ ਭਾਈ ਜਗਦੀਸ਼ ਸਿੰਘ ਸਿਫ਼ਤ ਦੇ ਹੱਕਦਾਰ ਹਨ ।

# ਜਦੋਂ ਜਾਗੋ ਉਦੀਂ ਸਵੇਰਾ (ਕਹਾਣੀ)

ਦੇਖਿਆਂ ਹੀ ਚਾਰੇ ਪਾਸੇ ਹਫੜਾ-ਦਫੜੀ ਮੱਚ ਗਈ। ਸਾਰੇ ਲੱਗੇ ਇੱਧਰ ਉੱਧਰ ਭੱਜਣ,ਆਪਣੀ ਜਾਨ ਬਚਾਉਣ।ਕੋਈ ਨਾਲ ? ਵਾਲ ?ਦਰੱਖ਼ਤ 'ਤੇ ਚੜ੍ਹਦਾ ਫਿਰ ਛੇਤੀ ਹੀ ਥੱਲੇ ਉੱਤਰ ਕੇ ਜਿੱਧਰ ਨੂੰ ਮੂੰਹ ਹੁੰਦਾ ਉੱਧਰ ਸਰਪਟ ਦੌੜਦਾ।ਜਿਉਂ ਜਿਉਂ ਉਹ ਨੇੜੇ ਆ ਰਹੇ ਸੀ ਉਨ੍ਹਾਂ ਨੂੰ ਆਪਣੀ ਮੌਤ ਸਪਸ਼ਟ ਦਿਖਾਈ ਦੇਣ ਲੱਗ ਪਈ।

÷ਹੁਣ ਨੀਂ ਬਚਦੇ ਪਹਿਲਾਂ ਵਾਂਗੂੰ ਸਾਰੇ ਸੰਦ ਨਾਲ ? ਚੱਕੀਂ ਆਉਂਦੇ ਨੇ÷ ਭੱਜੀ ਜਾਂਦੀ ਗਾਲ੍ਹੜ ਨੇ ਰੁਕ ਕੇ ਇਕਦਮ ਆਪਣੇ ਪਿਛਲੇ ਪੈਰਾਂ 'ਤੇ ਖਲੋ ਧੌਣ ਉੱਚੀ ਕਰਕੇ ਦੇਖਦਿਆਂ ਕਿਹਾ।

÷ਮੈਂ ਕਿੱਧਰ ਜਾਵਾਂ, ਇਹ ਨਿੱਕੇ-ਨਿੱਕੇ ਬੋਟ ਜਿਹੜੇ ਅਜੇ ਉੱਡ ਨਹੀਂ ਸਕਦੇ ਇਨ੍ਹਾਂ ਨੂੰ ਕਿਵੇਂ ਆਲ੍ਹਣਿਆਂ 'ਚੋਂ ਕੱਢਾਂ।÷ ਮਾਦਾ ਬੁਲਬੁਲ ਬੇਵਸੀ ਵਿੱਚ ਫੜਫੜਾ ਰਹੀ ਸੀ ਅਤੇ ਉਸ ਦੀਆਂ ਅੱਖਾਂ ਦੇ ਟੋਏ ਨੀਰ ਨਾਲ ? ਭਰ ਗਏ ਸੀ।

÷ਜਦੋਂ ਤੱਕ ਮੈਂ ਜਿਉਂਦਾਂ ਆਪਣੀ ਜਾਨ ਦੇ ਕੇ ਵੀ ਇਨ੍ਹਾਂ ਨੂੰ ਬਚਾਊਂਗਾ।÷ ਨਰ ਬੁਲਬੁਲ ਨੇ ਆਪਣੇ ਖੰਭਾਂ ਨਾਲ ? ਮਾਦਾ ਬੁਲਬੁਲ ਨੂੰ ਧਰਵਾਸ ਦਿੰਦਿਆਂ ਕਿਹਾ।

ਥਰਕਵੀਂ ਆਵਾਜ਼ ਵਿੱਚ ਮਾਦਾ ਬੁਲਬੁਲ ਦੇ ਮੂੰਹੋਂ ਨਿਕਲਿਆ।

÷ਤੂੰ ਕਿਵੇਂ ਬਚਾਲੇਂਗਾ।ਤੇਰੇ ਕੋਲ ਇਨ੍ਹਾਂ ਭਾਂਬੜਾਂ ਤੋਂ ਬਚਣ ਲਈ ਕੀ ਐ ? ÷

÷ਮੈਂ ਇਨ੍ਹਾਂ ਨਾਲ ? ਆਪਣੀ ਜਾਨ ਤਾਂ ਦੇ ਸਕਦਾਂ।÷

÷ਜੇ ਤੂੰ ਜਾਨ ਦੇ ਸਕਦੈਂ, ਮੇਰੇ ਤਾਂ ਇਹ ਜਿਗਰ ਦੇ ਟੁਕੜੇ ਨੇ, ਮੈਂ ਕਿਵੇਂ ਜਿਉਂਦੀ ਰਹੂੰਗੀ।ਮੈਂ ਵੀ...÷ ਉਹ ਬੋਲ ਨਾ ਸਕੀ ਜਿਵੇਂ ਅਗਲਾ ਬੋਲ ਉਹਦੇ ਸੰਘ ਵਿੱਚ ਫਸ ਗਿਆ ਹੋਵੇ।

ਕੁੱਝ ਮਿੰਟ ਪਹਿਲਾਂ ਰੁਕਮਦੀ ਹਵਾ ਵਿੱਚ ਹੋਲ ?ੀ-ਹੋਲ ?ੀ ਇੱਕ ਦੂਜੇ ਨਾਲ ? ਅਠਖੇਲੀਆਂ ਕਰਦੇ ਦਰੱਖਤਾਂ ਵਿੱਚ ਵੀ ਸਨਾਟਾ ਛਾ ਗਿਆ।

ਟਾਹਲੀ ਦੇ ਪੱਤੇ ਡਰਦੇ ਮਾਰੇ ਕੰਬਦੇ ਹੋਏ ਇੱਕ ਦੂਜੇ ਵਿੱਚ ਵੜਨ ਲੱਗੇ।

ਨਾਲ ? ਹੀ ਖੜ੍ਹੀ ਡੇਕ (ਧਰੇਕ) ਦੀਆਂ ਟਾਹਣੀਆਂ ਨੂੰ ਵੀ ਝਰਨਾਹਟ ਛਿੜ ਪਈ।

ਰਸਤਿਉਂ ਪਾਰ ਨੇੜੇ ਹੀ ਦੂਸਰੇ ਪਾਸਿਉਂ ਤੂਤ ਜੋ ਇਹ ਸਾਰਾ ਕੁੱਝ ਦੇਖ ਸੁਣ ਰਿਹਾ ਸੀ ਉਸਨੂੰ ਲੱਗਿਆ ਕੇ ਉਸ ਦਾ ਦਿਲ ਜਿਵੇਂ ਹੁਣੇ ਹੀ ਫਟ ਜਾਵੇਗਾ। ਤਬਾਹੀ ਦੇ ਇਹ ਮੰਜਰ ਉਸ ਨੇ ਪਿਛਲੇ ਸਾਲ ਵੀ ਦੇਖੇ ਸੀ।ਉਦੋਂ ਉਹ ਪਤਾ ਨਹੀਂ ਖ਼ੁਸ਼ਕਿਸਮਤੀ ਨਾਲ ? ਕਿਵੇਂ ਬਚ ਗਿਆ ਉਸਦੇ ਨੇੜੇ ਆਉਣ ਤੋਂ ਪਹਿਲਾਂ ਅੱਗ ਬੁਝ ਗਈ ਸੀ ਨਹੀਂ ਤਾਂ...

ਆਪਣੇ ਸਾਹਮਣੇ ਆਪਣਿਆਂ ਨੂੰ ਬਿਲਕਦੇ ਹੋਏ ਦੇਖਦਿਆਂ ਉਹ ਬੋਲਿਆ,÷ ਸਾਡੀ ਸਭ ਤੋਂ ਵੱਡੀ ਬੇਵਸੀ ਇਹ ਹੀ ਹੈ ਕਿ ਅਸੀਂ ਆਪਣੀ ਥਾਂ ਤੋਂ ਹਿੱਲ ਵੀ ਨਹੀਂ ਸਕਦੇ।ਕਿਤੇ ਲੁਕ ਛਿਪ ਵੀ ਨਹੀਂ ਸਕਦੇ। ਪੰਛੀ,ਜਾਨਵਰ ਤਾਂ ਫਿਰ ਵੀ ਉੱਡ ਕੇ ਆਪਣੀ ਜਾਨ ਬਚਾ ਲੈਂਦੇ ਨੇ ਪਰ ਅਸੀਂ ਕਿੱਧਰ ਜਾਈਏ।÷

ਦਰਦ ਤੇ ਬੇਵਸੀ ਦਾ ਇਹ ਆਲਮ ਚਲ ਹੀ ਰਿਹਾ ਸੀ ਕਿ ਖੇਤ ਦੇ ਇੱਕ ਖੂੰਜੇ ਵਿਚਲੀ ਪੋਲੀ ਮਿੱਟੀ ਵਿੱਚੋਂ ਚੂਹਿਆਂ ਨੂੰ ਵੀ ਇਸ ਦੀ ਸੂਹ ਮਿਲ ਗਈ। ਖੁੱਡਾਂ ਵਿੱਚੋਂ ਉਹ ਇੱਕ ਦੂਜੇ ਤੋਂ ਮੂਹਰੇ ਨਿਕਲ ਕੇ ਭੱਜਦੇ ਹੋਏ ਰਸਤਾ ਪਾਰ ਕਰਕੇ ਦੂਸਰੇ ਖੇਤਾਂ ਵਿੱਚ ਜਾ ਲੁਕੇ।

ਘੁੱਗੀਆਂ ਤੇ ਗਟਾਰਾਂ ਨੇ ਚੀਕ ਚਿਹਾੜਾ ਛੱਡ ਦਿੱਤਾ ਪਰ ਉਨ੍ਹਾਂ ਦੀ ਸੁਣਨ ਵਾਲ ?ਾ ਕੌਣ ਸੀ ?

ਉੱਧਰ ਟਟੀਹਰੀਆਂ ਭਾਵੇਂ ਬੇਵਸ ਸਨ ਪਰ ਉਹ ਫਿਰ ਵੀ ਆਪਣੀਆਂ ਠੂੰਗਾਂ (ਚੁੰਝਾਂ)ਤੇ ਪਾਂਚਿਆਂ ਨਾਲ ?, ਆ ਰਹੇ ਉਨ੍ਹਾਂ ਬੰਦਿਆਂ ਤੋਂ ਆਪਣੀ ਆਂਡਿਆਂ ਦੀ ਰੱਖਿਆ ਲਈ ਮੁਕਾਬਲਾ ਕਰ ਰਹੀਆਂ ਸਨ।

ਜਦੋਂ ਉਨ੍ਹਾਂ ਬੰਦਿਆਂ ਨੇ ਮੋਢਿਆਂ ਤੋਂ ਤੰਗਲੀਆਂ ਤੇ ਹੋਰ ਸਾਮਾਨ ਉਤਾਰਿਆ,ਖੇਤ 'ਚੋਂ ਭੱਜ ਕੇ ਰਸਤੇ 'ਤੇ ਆ ਖਲੋਤੇ ਜਾਨਵਰਾਂ ਤੇ ਪੰਛੀਆਂ ਦਾ ਉੱਤੇ ਦਾ ਸਾਹ ਉੱਤੇ ਤੇ ਥੱਲੇ ਦਾ ਸਾਹ ਥੱਲੇ ਰੁਕ ਗਿਆ ਕਿ ਬਸ ਹੁਣ...

ਪਹੀ ਵਾਲ ? ਪਾਸਿਉਂ ਇੱਕ ਨੌਜਵਾਨ ਸ਼ਾਇਦ ਉਹ ਖੇਤ ਮਾਲਕ ਦਾ ਮੁੰਡਾ ਸੀ, ਵੀ ਟਰੈਕਟਰ ਲੈ ਕੇ ਉਨ੍ਹਾਂ ਕੋਲ ? ਆ ਗਿਆ।

÷ਲਉ ਬਈ ਕਰੀਏ ਸ਼ੁਰੂ÷ ਉਨ੍ਹਾਂ ਵਿੱਚੋਂ ਇੱਕ ਅੱਧਖੜ੍ਹ ਉਮਰ ਦਾ ਬੰਦਾ ਬੋਲਿਆ।

ਇੱਕ ਨੇ ਤੰਗਲੀ ਤੇ ਦੂਜੇ ਨੇ ਹੱਥ ਵਿੱਚ ਫੜੀ ਸੋਟੀ ਨੂੰ ਥੱਲੇ ਜ਼ਮੀਨ 'ਤੇ ਰੱਖਦਿਆਂ ਕਿਹਾ,÷ ਹਾਂ ਹਾਂ।÷

ਰਸਤੇ ਦੇ ਦੂਜੇ ਪਾਸੇ ਛੋਟੇ ਬੂਟਿਆਂ ਤੇ ਝਾੜਾਂ ਵਿੱਚ ਲੁਕੇ ਗਾਲ੍ਹੜ ਤੇ ਚੂਹੇ ਆਪਣੇ ਪਿਛਲੇ ਪੈਰਾਂ 'ਤੇ ਖੜ੍ਹੋ ਕੇ ਗਰਦਨਾਂ ਉੱਚੀਆਂ-ਉੱਚੀਆਂ ਕਰਕੇ ਉਨ੍ਹਾਂ ਵੱਲ ਦੇਖਦੇ, ਨਾਲ ? ਇੱਧਰ ਉੱਧਰ ਭੱਜਦੇ ਫਿਰ ਇੱਕ ਦੂਜੇ ਦੇ ਨੇੜੇ ਹੁੰਦੇ, ਨਾਲ ? ਲੱਗਦੇ ਜਿਵੇਂ ਸਭ ਕੁੱਝ ਹਾਰੇ ਹੋਏ ਇਨਸਾਨ ਨੂੰ ਬੇਚੈਨੀ ਟਿਕਣ ਨਹੀਂ ਦਿੰਦੀ,ਇਸ ਤਰ੍ਹਾਂ ਦਾ ਆਲਮ ਬਣਿਆ ਹੋਇਆ ਸੀ।

ਟਰੈਕਟਰ 'ਤੇ ਬੈਠੇ ਨੌਜਵਾਨ ਨੇ ਟਰੈਕਟਰ ਦੀ ਲਿਫਟ ਹੇਠਾਂ ਕੀਤੀ।ਪਿਛਲੇ ਪਾਸੇ ਖੜ੍ਹੇ ਇੱਕ ਬੰਦੇ ਨੇ ਸਿਰ ਹਿਲਾ ਕੇ ਇਸ਼ਾਰਾ ਕਰਕੇ ਚੱਲਣ ਲਈ ਕਿਹਾ। ਟਰੈਕਟਰ ਦੇ ਪਿੱਛੇ ਪਾਏ ਮਲਚਰ ਨੇ ਦੇਖਦਿਆਂ-ਦੇਖਦਿਆਂ ਨਾੜ ਦਾ ਕਚੂੰਮਰ ਕੱਢਕੇ ਪਿੱਛੇ ਇਕਦਮ ਸਾਫ਼ ਜ਼ਮੀਨ ਦਿਸਣ ਲਾ ਦਿੱਤੀ।ਜੇਕਰ ਕਿਤੇ ਕੋਈ ਨਾੜ ਦੀ ਨੜੀ ਫਸਦੀ ਤਾਂ ਪਿੱਛੇ ਚੱਲ ਰਿਹਾ ਨੌਜਵਾਨ ਉਸ ਨੂੰ ਸੋਟੀ ਨਾਲ ? ਪਰ੍ਹੇ ਕਰ ਦਿੰਦਾ।

ਸਾਹ ਸੂਤੇ ਦੇਖ ਰਹੇ ਪੰਛੀਆਂ ਤੇ ਜਾਨਵਰਾਂ ਨੂੰ ਕੁੱਝ ਸਮਝ ਨਾ ਲੱਗੀ।ਇੰਨੇ ਨੂੰ ਤੋਤਿਆਂ ਦੀ ਇੱਕ ਡਾਰ ਆਈ। ਇੱਕ ਪਾਸੇ ਇੱਕਠੇ ਹੋਏ ਅਤੇ ਡਰੇ ਹੋਏ ਆਪਣੇ ਸਾਥੀ ਪੰਛੀਆਂ ਤੇ ਜਾਨਵਰਾਂ ਨੂੰ ਦੇਖਿਆ ਅਤੇ ਉਨ੍ਹਾਂ ਦੇ ਕੋਲ ? ਆ ਕੇ ਦਰੱਖਤ ਦੀ ਇੱਕ ਟਹਿਣੀ 'ਤੇ ਬੈਠ ਗਏ ਆਪਣੀ ਲਾਲ ? ਗਰਦਨ ਨੂੰ ਉਨ੍ਹਾਂ ਵੱਲ ਘੁੰਮਾਉਂਦਿਆਂ ਇੱਕ ਤੋਤਾ ਕਹਿਣ ਲੱਗਾ,÷ਹਾਂ ਬਈ, ਕੀ ਹਾਲ ਹੈ ਤੁਹਾਡਾ ? ਕਿਵੇਂ ਇੱਕ ਦੂਜੇ ਦੇ ਪਿੱਛੇ ਲੁਕ ਰਹੇ ਓ।÷

ਝਾੜੀਆਂ ਵਿੱਚ ਲੁਕੀ ਗਟਾਰ ਨੂੰ ਇਹ ਬੋਲ ਸੁਣਕੇ ਉਸਨੂੰ ਉਸ ਬੋਲ ਰਹੇ ਤੋਤੇ 'ਤੇ ਗੁੱਸਾ ਆ ਰਿਹਾ ਸੀ। ਘੁੱਗੀਆਂ, ਬੁਲਬੁਲਾਂ, ਗਾਲ੍ਹੜਾਂ, ਚੂਹਿਆਂ ਸਾਰਿਆਂ ਨੂੰ ਉਸ ਦੇ ਬੋਲ ਚੁੱਭ ਰਹੇ ਸਨ ਪਰ ਕੁੱਝ ਕਹਿਣ ਦੀ ਬਜਾਇ ਇੱਕ ਦੂਜੇ ਵੱਲ ਦੇਖਦਿਆਂ ਚੁੱਪ ਹੀ ਰਹੇ।

÷ਕੀ ਗੱਲ ਦੱਸਿਆ ਨੀਂ ਕੀ ਹਾਲ ਨੇ ਥੋਡੇ।? ਉਸ ਨੇ ਫਿਰ ਦੁਹਰਾਉਂਦਿਆਂ ਪੁੱਛਿਆ।

ਦੁਬਾਰਾ ਇਹ ਗੱਲ ਸੁਣ ਕੇ ਗਟਾਰ ਤੋਂ ਰਿਹਾ ਨਹੀਂ ਗਿਆ।

÷ਲੱਗਦੈ ਸਾਡੀ ਮੌਤ ਦਾ ਤਮਾਸ਼ਾ ਦੇਖ ਕੇ ਸਾਡੇ ਹਾਲ ਬਾਰੇ ਪਤਾ ਲੱਗੇਗਾ ਤੈਨੂੰ, ਕੁੱਝ ਸ਼ਰਮ ਕਰ ਇਨ੍ਹਾਂ ਨੇ ਕਿਸੇ ਨੂੰ ਨੀਂ ਬਖਸ਼ਣਾ।ਥੋਡੀ ਵੀ ਵਾਰੀ ਆਈ ਹੀ ਲੈ।

÷ਉਏ ਗਰਮ ਕਾਹਤੋਂ ਹੁੰਨੀਐਂ ਭੈਣ÷ ਤੋਤੇ ਨੇ ਆਪਣੇ ਲਹਿਜੇ ਨੂੰ ਨਰਮ ਕਰਦਿਆਂ ਕਿਹਾ।

÷ਨਾ ਹੋਰ ਖ਼ੁਸ਼ ਹੋਮਾਂ,ਸਾਡੀ ਮੌਤ 'ਤੇ ਬਣੀਐ ਥੋਨੂੰ ਮਖ਼ੌਲ ਸੁੱਝ ਰਹੇ ਨੇ।÷

÷ਕਿਸੇ ਨੂੰ ਕੁਸ਼ ਨਹੀਂ ਹੋਵੇਗਾ। ਮੇਰੀ ਗੱਲ ਸੁਣੋ ਧਿਆਨ ਨਾਲ ?।÷ ਉਸ ਨੇ ਅਪਣੱਤਤਾ ਨਾਲ ? ਕਿਹਾ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲਾਭ ਸਿੰਘ ਸ਼ੇਰਗਿੱਲ, ਬਡਰੁੱਖਾਂ
(ਸੰਗਰੂਰ) 86995 35708

ਕੀ ਕਿਹਾ !! ਸਾਰਿਆਂ ਨੇ ਹੈਰਾਨੀ ਨਾਲ ? ਉਸ ਵੱਲ ਗਰਦਨਾਂ ਮੋੜਦਿਆਂ ਕਿਹਾ।

ਹਾਂ ! ਕਿਸੇ ਨੂੰ ਕੁਸ਼ ਨਹੀਂ ਹੋਵੇਗਾ।

ਤੁਸੀਂ ਥੋੜ੍ਹਾ ਨੇੜੇ ਆਜੋ ਦੱਸਦਾਂ ਸਾਰੀ ਕਹਾਣੀ। ਉਹ ਉੱਡ ਕੇ ਆਪ ਵੀ ਉਨ੍ਹਾਂ ਦੇ ਨੇੜੇ ਅਗਲੀ ਟਾਹਣੀ ਉੱਤੇ ਬੈਠ ਗਿਆ।

ਲੈ ਸੁਣੋ...

ਕੱਲ੍ਹ ਦੁਪਹਿਰੇ ਅਸੀਂ ਇਸ ਸਾਹਮਣੇ ਵਾਲ ?ੀ ਡੇਕ 'ਤੇ ਬੈਠੇ ਸੀ। ਦੋ ਨੌਜਵਾਨ ਇੱਕ ਉਹ ਜਿਹੜਾ ਟਰੈਕਟਰ ਚਲਾ ਰਿਹੈ ਅਤੇ ਦੂਜਾ ਜਿਹੜਾ ਤੰਗਲੀ ਲੈ ਕੇ ਵਾਹਣ (ਜ਼ਮੀਨ) ਵਿੱਚ ਫਿਰ ਰਿਹੈ।

ਉਨ੍ਹਾਂ ਦੀ ਗੱਲਬਾਤ ਸੁਣੀ।

÷ਕਿਹੜੀ ਗੱਲਬਾਤ ? ਗਾਲ੍ਹੜ ਨੇ ਅਗਲੇ ਪੰਜਿਆਂ ਨਾਲ ? ਅੱਖਾਂ ਹੇਠਲੇ ਵਗੇ ਦਰਿਆ ਨੂੰ ਸਾਫ਼ ਕਰਦਿਆਂ ਪੁੱਛਿਆ।

ਲਉ ਸੁਣੋ ਹੂਬਹੂ ਬਾਤ...

÷ਯਾਰ ਛੇਤੀ ਨਾੜ ਕਟਰ ਤੋਂ ਵਢਵਾ, ਅਗਲੇ ਦਿਨ ਅੱਗ ਲਾ ਕੇ ਵਾਹਣ ਨੂੰ ਕਣਕ ਬੀਜਣ ਲਈ ਤਿਆਰ ਕਰਨਾ ਐ। ਬਿਜਾਈ ਲੇਟ ਹੋਈ ਜਾ ਰਹੀ ਐ।÷ ਦੀਪੇ ਨੇ ਬਿਜਾਈ ਲੇਟ ਹੋਣ ਦਾ ਫ਼ ?ਕਰ ਜ਼ਾਹਰ ਕਰਦਿਆਂ ਕਿਹਾ।

ਐਤਕੀਂ ਅੱਗ ਨਹੀਂ ਲਾਵਾਂਗੇ।ਮਸ਼ੀਨਾਂ ਆ ਗਈਆਂ ਇਸ ਨੂੰ ਵਿੱਚੇ ਖਪਾ ਦੇਣੈ, ਨਾਲ ? ਰੇਅ ਦਾ ਕੰਮ ਕਰੂਗੀ ਨਾੜ। ਸੀਰੇ ਨੇ ਦੀਪੇ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ।

÷ ਉਹ ਤੂੰ ਬੌਲ ?ਾ (ਕਮਲਾ) ਹੋਇਐਂ। ਮਸ਼ੀਨ ਉਡੀਕਦਿਆਂ-ਉਡੀਕਦਿਆਂ ਕਣਕ ਪਛੇਤੀ ਹੋਜੂਗੀ। ਫਿਰ ਦੇਖੇਂਗਾ ਘੱਟ ਨਿਕਲੀ ਐ, ਨਾਲ ? ਇਹ ਨੂੰ ਬੀਮਾਰੀ ਵੀ ਪੈਂਦੀ ਐ।

÷ਓ ਨਹੀਂ ਦੀਪਿਆ ਨਾ ਘੱਟ ਨਿਕਲੇ,ਨਾ ਕੋਈ ਬੀਮਾਰੀ ਲੱਗੇ, ਬਸ ਇਹ ਤਾਂ ਵਹਿਮ ਹੀ ਐ।÷

÷ਚਲ ਇਹ ਤਾਂ ਵਹਿਮ ਹੀ ਸਹੀ ਪਰ ਖ਼ਰਚਾ ਕਿੰਨਾ ਹੋਣਾ ਇਹਦਾ ਪਤੈ ਤੈਨੂੰ।÷ ਉਹ ਜੁੱਤੀ ਵਿੱਚ ਵੜੇ ਨਾੜ ਦੇ ਫਾਨੇ ਨੂੰ ਝਾੜਦਿਆਂ ਬੋਲਿਆ।

÷ਖ਼ਰਚਾ ਤਾਂ ਵੀਰਿਆ ਸਮਾ ਘੱਟ ਹੋਊ।÷

÷ਉਹ ਕਿਵੇਂ ? ÷ ਦੱਸ ਤਾਂ ਸਹੀ।

ਚਾਰੇ ਪਾਸੇ ਜਦੋਂ ਅੱਗ ਦੇ ਭਾਂਬੜ ਮੱਚਦੇ ਨੇ ਧੂੰਆਂ ਧਾਰ ਹੋ ਜਾਂਦੈ ਸਾਰੇ ਪਾਸੇ।ਸੜਕਾਂ ਦੇ ਨੇੜੇ ਇਸ ਧੂੰਏ ਨਾਲ ? ਹੁੰਦੇ ਹਾਦਸਿਆਂ ਕਰਕੇ ਪਤਾ ਨਹੀਂ ਕਿੰਨੀਆਂ ਕੀਮਤੀ ਜਾਨਾਂ ਜਾਂਦੀਆਂ ਨੇ। ਹਫ਼ਤਿਆਂ ਬੱਧੀ ਆਸਮਾਨ ਵਿੱਚ ਛਾਏ ਇਸ ਧੂੰਏਂ ਕਰਕੇ ਦਮ ਘੁਟਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ,ਖਾਸ ਕਰਕੇ ਬੱਚਿਆਂ ਤੇ ਬਜ਼ੁਰਗਾਂ ਲਈ ਇਹ ਬਹੁਤੀ ਵਾਰ ਘਾਤਕ ਸਿੱਧ ਹੁੰਦਾ ਹੈ। ਹਵਾ ਦੀ ਗੁਣਵੱਤਾ ਨੀਵੇਂ ਪੱਧਰ 'ਤੇ ਪਹੁੰਚ ਜਾਂਦੀ ਹੈ। ਹੱਦੋਂ ਵੱਧ ਪ੍ਰਦੂਸ਼ਣ ਹੋਣ ਕਰਕੇ ਹਸਪਤਾਲ ਮਰੀਜ਼ਾਂ ਨਾਲ ? ਭਰ ਜਾਂਦੇ ਨੇ ਫਿਰ ਤੈਨੂੰ ਪਤੈ ਹਸਪਤਾਲ ਵਾਲ ? ਕਿਵੇਂ ਛਿੱਲ ਲਾਹੁੰਦੇ ਨੇ।ਜਿਹੜਾ ਪੈਸਾ ਨਾੜ ਦੇ ਨਿਪਟਾਰੇ 'ਤੇ ਖ਼ਰਚ ਨਾ ਕਰਕੇ ਅਸੀਂ ਬਚਾਉਂਦੇ ਹਾਂ ਉਹ ਹਸਪਤਾਲਾਂ ਵਾਲ ? ਹੜੱਪ ਲੈਂਦੇ ਨੇ।÷ ਸੀਰੇ ਨੇ ਪੂਰੇ ਜਜ਼ਬੇ ਨਾਲ ? ਸਾਰਾ ਕੁੱਝ ਇਕੋ ਸਾਹੇ ਕਹਿ ਦਿੱਤਾ ?।

ਦੀਪਾ ਇੱਕ ਟੱਕ ਸੀਰੇ ਦੀ ਸਾਰੀ ਗੱਲ ਬਿਨਾ ਕੁੱਝ ਕਹੇ ਸੁਣਦਾ ਰਿਹਾ।

÷ ਤੇਰੀਆਂ ਗੱਲਾਂ ਸੁਣ ਕੇ ਮਨ ਕਰਦੈ ਐਤਕੀਂ ਅੱਗ ਨਾ ਲਾਈਏ ਪਰ ਜੇ ਕਣਕ ਨਾ ਜੰਮੀ ਤਾਂ ਫਿਰ...÷ ਉਸਨੇ ਸੀਰੇ ਤੋਂ ਜਵਾਬ ਮੰਗਿਆ।

÷ਤੂੰ ਬਸ ਦੇਖਦਾ ਚੱਲੀਂ, ਬਸ ਸਭ ਕੁਸ਼ ਠੀਕ ਹੋਵੇਗਾ।÷ ਸੀਰੇ ਨੇ ਦੀਪੇ ਨੂੰ ਤਸੱਲੀ ਤੇ ਹੌਸਲਾ ਦਿੰਦਿਆਂ ਕਿਹਾ।

÷ਨਾਲ ? ਇੱਕ ਗੱਲ ਹੋਰ ਇਹ ਦਿੱਲੀ ਵਾਲ ? ਆਏ ਸਾਲ ਸਾਡੇ 'ਤੇ ਇਲਜ਼ਾਮ ਲਾਉਂਦੇ ਨੇ, ਬਈ ਪੰਜਾਬ ਤੋਂ ਆਏ ਧੂੰਏਂ ਨੇ ਦਿੱਲੀ ਵਾਸੀਆਂ ਦਾ ਜੀਣਾ ਹਰਾਮ ਕਰ ਦਿੱਤੈ, ਦਮ ਘੋਟ ਰੱਖਿਐ।ਨਾਲ ? ਐਤਕੀਂ ਇਸ ਗੱਲ ਦਾ ਨਿਤਾਰਾ ਹੋਜੂ।ਪ੍ਰਦੂਸ਼ਣ ਕਾਰਨ ਵਾਤਾਵਰਨ 'ਚ ਆਏ ਨਿਗਾਰ ਨੂੰ ਠੀਕ ਕਰਨਾ ਵੀ ਤਾਂ ਸਾਡਾ ਫਰਜ਼ ਬਣਦਾ ਹੈ।"ਆਪਣੇ ਆਪ ਨੂੰ ਪੰਜਾਬ ਦਾ ਪੂਰਾ ਹਮਾਇਤੀ ਸਮਝਦਿਆਂ ਸੀਰਾ ਜੋਸ਼ ਨਾਲ ? ਬੋਲ ਰਿਹਾ ਸੀ।

÷ਲੈ ਠੀਕ ਐ ਫਿਰ, ਇਸ ਵਾਰ ਭਾਵੇਂ ਖ਼ਰਚਾ ਹੋਜੇ ਅਸੀਂ ਨਾੜ ਨੂੰ ਅੱਗ ਨਹੀਂ ਲਾਵਾਂਗੇ। ਹਾਂ ਨਾਲ ? ਆਪਾਂ ਸਾਰੇ ਕਲੱਬ ਮੈਂਬਰ ਅੱਜ ਹੀ ਮੀਟਿੰਗ ਕਰਕੇ ਆਪਣੇ ਪੂਰੇ ਪਿੰਡ ਨੂੰ ਇਸ ਕੰਮ ਲਈ ਜਾਗਰੂਕ ਤੇ ਪ੍ਰੇਰਿਤ ਕਰਾਂਗੇ।÷ ਉਹ ਵੱਟ ਤੋਂ ਉੱਠ ਕੇ ਕੱਪੜੇ ਝਾੜਦੇ ਹੋਏ ਫਿਰ ਬੋਲਿਆ,÷ ਹਾਂ ਸੀਰੇ ਜਿਵੇਂ ਹੁਣੇ ਤੈਂ ਕਿਹੈ ਕਿ ਵਾਤਾਵਰਨ ਨੂੰ ਪ੍ਰਦੂਸ਼ਿਤ ਰਹਿਤ ਕਰਨਾ ਵੀ ਤਾਂ ਸਾਡੇ ਸਾਰਿਆਂ ਦਾ ਫ਼ਰਜ਼ ਐ।÷

÷ਹਾਂ ਹਾਂ ! ਇਹੀ ਤਾਂ ਮੈਂ ਕਹਿਨਾਂ।÷ ਦੋਵੇਂ ਹੁਣ ਪਿੰਡ ਵੱਲ ਜਾ ਰਹੇ ਸਨ।

ਸਾਰੇ ਪੰਛੀ ਤੇ ਜਾਨਵਰ ਹੈਰਾਨ ਹੋ ਕੇ ਇਹ ਸਾਰੀ ਵਾਰਤਾ ਬੜੀ ਗੌਰ ਨਾਲ ? ਸੁਣਦਿਆਂ ਜਿਵੇਂ ਸੁੰਨ ਜਿਹੇ ਹੋ ਰਹੇ ਸੀ ਪਰ ਤੋਤੇ ਦੇ ਗੱਲ ਖ਼ਤਮ ਕਰਦਿਆਂ ਹੀ ਉਨ੍ਹਾਂ ਦੀਆਂ ਹਰਕਤਾਂ ਵਿੱਚ ਰੌਣਕ ਪਰਤਦੀ ਸਾਫ਼ ਦਿਸਣ ਲੱਗੀ। ਇਸ ਤੋਂ ਪਹਿਲਾਂ ਕਿ ਕੋਈ ਹੋਰ ਬੋਲਦਾ ਚੁਲਬੁਲੀ ਬੁਲਬੁਲ ਨੇ ਇਕਦਮ ਕਿਹਾ,÷ ਲੱਗਦੈ ਗੱਲ ਬੁੱਥ 'ਚ ਵੜਗੀ ਇਨ੍ਹਾਂ ਦੇ।÷

ਹਾਂ, ਇੱਕ ਹੋਰ ਇਹ ਕਹਿੰਦੇ ਹੁੰਦੇ ਨੇ, ਇਨ੍ਹਾਂ ਤੋਂ ਹੀ ਸੁਣਿਐ ÷ ਬਈ ਜਦੋਂ ਜਾਗੋ ਉਦੀਂ ਸਵੇਰਾ।÷ ਨਰ ਗਾਲ੍ਹੜ ਨੇ ਵੀ ਆਪਣੇ ਦਿਲ ਦੀ ਗੱਲ ਸੁਣਾ ਦਿੱਤੀ। ਹੁਣ ਸਾਰੇ ਫਟਾਫਟ ਆਪਣੇ-ਆਪਣੇ ਬੱਚਿਆਂ ਕੋਲ ? ਆਲ੍ਹਣਿਆਂ ਤੇ ਖੁੱਡਾਂ ਵੱਲ ਦੌੜ ਪਏ।

# ਮੁਫਤ ਸਹੂਲਤਾਂ ਨਾਲੋਂ ਅਵਾਰਾ ਡੰਗਰਾਂ ਦੀ ਸੰਭਾਲ ਜਰੂਰੀ

ਪਿਛਲੇ ਦਿਨੀਂ ਪੰਜਾਬ ਦੇ ਨੋਜਵਾਨ ਗਾਇਕ ਰਾਜਵੀਰ ਜਵੰਧਾ ਦੀ ਹਿਮਾਚਲ ਦੇ ਬੱਦੀ ਨੇੜੇ ਮੋਟਰਸਾਈਕਲ ਉੱਪਰ ਜਾ ਰਹੇ ਦੀ ਅਵਾਰਾ ਗਾਵਾਂ / ਸਾਨ੍ਹਾਂ ਦੇ ਅਚਾਨਕ ਮੂਹਰੇ ਆਉਣ ਕਾਰਨ ਐਕਸੀਡੈਂਟ ਹੋਣ ਕਾਰਨ ਗੰਭੀਰ ਸੱਟਾਂ ਲੱਗੀਆਂ ਅਤੇ ਹਸਪਤਾਲ 'ਚ ਇਲਾਜ਼ ਦੌਰਾਨ ਕਈ ਦਿਨਾਂ ਬਾਅਦ ਮੌਤ ਹੋ ਗਈ ।ਇਸ ਦੁੱਖਦਾਈ ਮੌਤ ਨਾਲ ਕਈ ਸਵਾਲ ਖੜ੍ਹੇ ਹਨ ।ਹੁਣੇ ਭਾਦਸੋਂ ਨੇੜੇ ਇੱਕ ਹੋਰ ਨੋਜਵਾਨ ਜਿਸ ਦਾ ਵਿਆਹ ਪੰਜ ਦਿਨ ਪਹਿਲਾਂ ਹੋਇਆ ਸੀ , ਦੀ ਮੋਟਰ ਸਾਈਕਲ ਤੇ ਜਾ ਰਹੇ ਦੀ ਆਵਾਰਾ ਡੰਗਰ ਮੂਹਰੇ ਆਉਣ ਕਾਰਨ ਗੰਭੀਰ ਜਖਮੀ ਹੋਣ ਤੇ ਮੌਤ ਹੋ ਗਈ ।ਇਸ ਸਬੰਧੀ ਸਰਕਾਰ ਅਤੇ ਰਾਜਨੀਤਕ ਨੇਤਾ ਚੁੱਪੀ ਧਾਰ ਕੇ ਜ਼ਿੰਮੇਵਾਰੀ ਤੋਂ ਪਾਸਾ ਵੱਟੀ ਬੈਠੇ ਹਨ । ਗੱਲ ਮੋਟਰਸਾਈਕਲ ਤੇ ਜਾਣ ਦੀ ਵੀ ਨਹੀਂ ਜੇਕਰ ਕਾਰ / ਗੱਡੀ ਮੂਹਰੇ ਅਚਾਨਕ ਡੰਗਰ ਆ ਜਾਣ ਤਾਂ ਵੀ ਭਿਆਨਕ ਹਾਦਸਾ ਵਾਪਰ ਜਾਂਦਾ ਹੈ ।ਇਹ ਜਾਨਵਰ ਵੀ ਲੋਕਾਂ ਦੇ ਸਤਾਏ ਇੱਧਰ ਉੱਧਰ ਘੁੰਮ ਕੇ ਸਮਾਂ ਬਤੀਤ ਕਰਦੇ ਹਨ । ਇਨ੍ਹਾਂ ਨੂੰ ਵੀ ਬਣਦੀਆਂ ਸਹੂਲਤਾਂ ਦੇ ਕੇ ਜੀਵਨ ਜਿਊਣ ਲਈ ਪ੍ਰਬੰਧ ਕਰਨਾ ਸਰਕਾਰ ਅਤੇ ਸਮਾਜ ਦੇ ਹੱਥ ਹੈ ।ਐਕਸੀਡੈਂਟ ਦੇ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਮੁੱਖ ਕਾਰਨ ਸੜਕਾਂ ਦੀ ਸੇਫਟੀ ਦੀ ਅਣਹੋਂਦ ਹੀ ਸਾਹਮਣੇ ਆਉਂਦੀ ਹੈ ।ਪੰਜਾਬ ਅੰਦਰ ਮੇਨ ਸੜਕਾਂ ਤੇ ਐਕਸੀਡੈਂਟ ਵਾਪਰਨ ਤੇ ਹਸਪਤਾਲ ਪਹੁੰਚਾਉਣ ਲਈ ਤੁਰੰਤ ਐਂਬੂਲੈਂਸ ਦੇ ਪ੍ਰਬੰਧ ਤਾਂ ਕੀਤੇ ਹੋਏ ਹਨ , ਸਪੈਸ਼ਲ ਫੋਰਸ ਸੜਕਾਂ ਤੇ ਪੈਟਰੋਲਿੰਗ ਕਰਦੀ ਹੈ , ਉਨ੍ਹਾਂ ਲਈ ਨਵੇਂ ਆਧੁਨਿਕ ਮੋਟਰਸਾਈਕਲ , ਜੀਪਾਂ ਆਦਿ ਦਾ ਵੀ ਪ੍ਰਬੰਧ ਹੈ ।ਪਰ ਐਕਸੀਡੈਂਟ ਕਿਉਂ ਵਾਪਰਦੇ ਹਨ ਇਸ ਨੂੰ ਵਿਚਾਰਨ ਵਾਲੀ ਗੱਲ ਹੈ ।ਸੜਕਾਂ ਉੱਪਰ ਡੂੰਘੇ ਖੱਡੇ ਨਾਲੋ ਨਾਲ ਪੂਰਨ, ਸੜਕਾਂ ਤੋਂ ਅਵਾਰਾ ਜਾਨਵਰਾਂ ਤੋਂ ਮੁਕਤ ਕਰਾਉਣਾ , ਖਰਾਬ ਹੋਈਆਂ ਖੜੀਆਂ ਗੱਡੀਆਂ ਨੂੰ ਹਟਾਉਣ ਦੀ ਜ਼ਿੰਮੇਵਾਰੀ ਕੋਣ ਲਵੇਗਾ ? ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ ।ਗੱਲ ਤਾਂ ਸਾਰੇ ਰਾਜਾਂ ਦੀ ਹੈ ਪਰ ਦਿਨੋਂ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ ।ਪਿਛਲੇ ਸਾਲਾਂ ਦੌਰਾਨ ਪਟਿਆਲਾ ਸ਼ਹਿਰ ਦੇ ਹੀ ਭੂਸਰੇ ਸਾਨ੍ਹਾਂ ਵਲੋਂ ਕਈ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ , ਪ੍ਰਸਾਸਨ ਦੀ ਅਣਗਹਿਲੀ ਖਿਲਾਫ ਅਦਾਲਤਾਂ ਵਿੱਚ ਕਰੌੜਾਂ ਦੇ ਕਲੇਮ ਪੇਸ਼ ਕਰਕੇ ਪੀੜ੍ਹਤ ਪਰਿਵਾਰਾਂ ਵਲੋਂ ਕੇਸ ਕੀਤੇ ਗਏ ਹੋਏ ਹਨ , ਇਸ ਤਰ੍ਹਾਂ ਉਨ੍ਹਾਂ ਦੀ ਵੀ ਖਜਲਖੁਆਰੀ ਹੋ ਰਹੀ ਹੈ ।ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੌੜ ਹੈ।ਪਾਣੀ ਹੁਣ ਸਿਰ ਤੋਂ ਟੱਪ ਚੁੱਕਿਆ ਹੈ ਕਿਉਂ ਕਿ ਹੁਣ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ ।ਇਨ੍ਹਾਂ ਅਵਾਰਾ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ।ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ ।ਬਾਂਦਰਾਂ , ਕੁੱਤਿਆਂ ਆਦਿ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ ।ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ , ਕੁੱਤਿਆਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ ।ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ ।ਸਕੂਲ,ਕਾਲਜ ਟਿਊਸ਼ਨ ਜਾਣ ਵਾਲੀਆਂ ਪਿੰਡਾਂ ਤੋਂ ਆਉਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਨ੍ਹਾਂ ਸੜਕਾਂ ਤੋਂ ਲੰਘਣਾ ਹੋਰ ਵੀ ਮੁਸ਼ਕਲ ਹੈ।ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ ।ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰਾਂ ?ਹ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਨ ਵੀ ਪੈਂਦਾ ਹੈ ।ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ ਹੁੰਦਾ ।ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ ।ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਜਾਂਦੀ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਇਨ੍ਹਾਂ ਬੇਜੁਬਾਨਾਂ ਜਾਨਵਰਾਂ ਨੂੰ ਬਚਾਉਣਾ ਹੈ ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ ।ਸਾਨੂੰ ਖਰੀਦਦਾਰੀ ਕਰਦੇ ਸਮੇਂ ਗਊ ਸੈੱਸ ਵੀ ਦੇਣਾ ਪੈਂਦਾ ਹੈ। ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ ।ਸਰਕਾਰਾਂ ਵਲੋਂ ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਲਈ ਕੋਈ ਠੋਸ ਨੀਤੀ ਨਹੀਂ ਸਾਹਮਣੇ ਆਈ , ਕਾਗਜ਼ੀ ਕਾਰਵਾਈ ਕਈ ਵਾਰੀ ਜਰੂਰ ਕੀਤੀ ਜਾਂਦੀ ਹੈ ਜਿਸ ਦਾ ਕੋਈ ਨਤੀਜਾ ਕਦੇ ਸਾਹਮਣੇ ਨਹੀਂ ਆਇਆ ।ਪਿਛਲੇ ਸਮੇਂ ਪਟਿਆਲਾ ਜਿਲ੍ਹੇ ਦੇ ਕਈ ਡਿਪਟੀ ਕਮਿਸ਼ਨਰਾਂ ਨੇ ਸੜਕਾਂ ਤੇ ਅਵਾਰਾ ਘੁੰਮਣ ਫਿਰਨ ਵਾਲੇ ਡੰਗਰਾਂ ਨੂੰ ਜਿਲ੍ਹੇ ਅੰਦਰ ਗਊਸਾਲਾਵਾਂ ਵਿੱਚ ਭੇਜਣ ਲਈ ਜਿਲ੍ਹੇ ਦੇ ਸਬੰਧਤ ਅਧਿਕਾਰੀਆਂ ਅਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਕਰਕੇ ਸ਼ਲਾਘਾ ਯੋਗ ਕਦਮ ਉਠਾਇਆ ਤਾਂ ਸੀ । ਆਸ ਸੀ ਕਿ ਇਨ੍ਹਾਂ ਮੀਟਿੰਗਾਂ ਦਾ ਨਤੀਜਾ ਘੱਟੋ ਘੱਟ ਇਸ ਜਿਲ੍ਹੇ 'ਚ ਤਾਂ ਚੰਗਾ ਆਵੇਗਾ ਪਰ ਇਹ ਨਹੀਂ ਹੋ ਸਕਿਆ ।ਇਹ ਬਹੁਤ ਵੱਡਾ ਮਸਲਾ ਨਹੀਂ ਹੈ ਜੋ ਹੱਲ ਨਹੀਂ ਹੋ ਸਕਦਾ , ਅਗਰ ਸਰਕਾਰ ਸੁਹਿਰਦਾ ਨਾਲ ਇਸ ਵੱਲ ਧਿਆਨ ਲੋਕਾਂ ਦੇ ਸਹਿਯੋਗ ਨਾਲ ਦੇਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ ਜਿਸ ਨਾਲ ਬਹੁਤ ਸਾਰੀਆਂ ਕੀਮਤੀ ਜਾਨਾਂ ਅਜਾਈਂ ਜਾਣ ਤੋਂ , ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਆਦਿ ਤੋਂ ਵੀ ਰਾਹਤ ਮਿਲੇਗੀ ।ਹੁਣੇ ਹੀ ਆਏ ਹੜ੍ਹਾਂ ਵਿੱਚ ਪ੍ਰਭਾਵਿਤ ਪੰਜਾਬੀਆਂ ਲਈ ਥਾਂ ਥਾਂ ਬੈਠੇ ਪੰਜਾਬੀਆਂ ਨੇ ਜੋ ਮਦਦ ਕੀਤੀ ਹੈ ਉਸ ਦੀ ਨਵੀਂ ਮਿਸਾਲ ਪੈਦਾ ਕਰਕੇ ਇਤਿਹਾਸ ਸਿਰਜ ਦਿੱਤਾ ਹੈ ।ਫਿਰ ਇਹ ਗਊ ਧਨ ਨੂੰ ਸਾਂਭਣਾ ਕੋਈ ਵੀ ਗੱਲ ਨਹੀਂ , ਹਿੰਦੂ ਵੀਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਸਾਰੇ ਪੰਜਾਬੀ ਇਸ ਇਸ ਮੰਦ ਘਟਨਾ ਤੋਂ ਅੱਗੇ ਤੋਂ ਛੁਟਕਾਰਾ ਪਾਉਣ ਲਈ ਜਰੂਰ ਸਹਿਯੋਗ ਦੇਣਗੇ ।ਕਲਾਕਾਰ ਰਹਿ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਤੁਰੰਤ ਇਸ ਸਬੰਧੀ ਫੈਸਲਾ ਲੈ ਕੇ ਸੜਕਾਂ ਨੂੰ ਸੁਰੱਖਿਅਤ ਬਣਾ ਕੇ ਇਨ੍ਹਾਂ ਅਵਾਰਾ ਡੰਗਰਾਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਇਹੋ ਜਿਹੀਆਂ ਮੰਦਭਾਗੀ ਘਟਨਾਵਾਂ ਨਾ ਵਾਪਰਨ । ਇਹੋ ਫੈਸਲਾ ਸਰਕਾਰ ਲਈ ਰਾਜਵੀਰ ਜਵੰਧਾ ਲਈ ਸੱਚੀ ਸਰਧਾਂਜ਼ਲੀ ਹੋਵੇਗਾ।ਇਸ ਕੰਮ ਲਈ ਆਸ ਹੈ ਕਿ ਪਹਿਲਾਂ ਹੜ੍ਹਾਂ ਦੌਰਾਨ ਕੀਤੀ ਮਦਦ ਦੀ ਤਰ੍ਹਾਂ ਸਾਰੇ ਕਲਾਕਾਰ, ਸਮਾਜ ਸੇਵੀ ਸੰਸਥਾਵਾਂ ਵੀ ਇਸ ਨੇਕ ਕੰਮ ਵਿੱਚ ਸਰਕਾਰ ਨੂੰ ਆਪਣਾ ਬਣਦਾ ਯੋਗਦਾਨ ਪਾਉਣਗੇ । ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ ।ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ ।ਜੇ ਸਰਕਾਰ ਬਿਜਲੀ ਬਿਲ ਮੁਆਫ ਕਰ ਸਕਦੀ ਹੈ , ਬਸਾਂ 'ਚ ਔਰਤਾਂ ਲਈ ਮੁਫਤ ਸਫਰ ਦੇ ਸਕਦੀ ਹੈ , ਔਰਤਾਂ ਨੂੰ 1000 ਰੁ: ਪ੍ਰਤੀ ਮਹੀਨਾ ਦੇਣ ਦੀ ਵਿਵਸਥਾ ਕਰ ਸਕਦੀ ਹੈ , ਜਿਸ ਨਾਲ ਅਰਬਾਂ ਦਾ ਖਰਚਾ ਹੋ ਰਿਹਾ ਹੈ ਤਾਂ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ , ਕੁਤਿਆਂ ਆਦਿ ਤੋਂ ਕੀਮਤੀ ਜਾਨਾਂ ਬਚਾਉਣ ਲਈ ਠੋਸ ਉਪਰਾਲਾ ਕਿਉਂ ਨਹੀਂ ਕਰ ਸਕਦੀ ?

ਮੇਜਰ ਸਿੰਘ ਨਾਭਾ
ਮੋ:9463553962

# “ਗੋਡਿਆਂ ਦੇ ਜੋੜ੍ਹ ਬਦਲਾਉਣ ਤੋਂ ਬਚੋ”

ਅੱਜ ਗੱਲ਼ ਕਰਾਂਗੇ ਆਪਾਂ ਜੋੜ੍ਹਾਂ ਦੇ ਦਰਦਾਂ ਬਾਰੇ ਤੇ ਜੋੜ੍ਹਾਂ ‘ਚ ਲੁਬਰੀਕੇਟ ਭਾਵ ਜੋੜ੍ਹਾਂ ‘ਚ ਗਰੀਸ ਦੀ ਘਾਟ ਬਾਰੇ ਜਦੋਂ ਉਮਰ 40 ਤੋਂ ਉਪਰ ਚੱਲੀ ਜਾਂਦੀ ਹੈ ।ਤਾਂ ਅਕਸਰ ਜੋੜ੍ਹਾਂ ਦੇ ਦਰਦ ਦੀ ਸ਼ਿਕਾਇਤ ਹੁੰਦੀ ਹੈ ।ਜਿਸ ਦਾ ਕਾਰਨ ਜੋੜ੍ਹਾਂ ‘ਚ ਗਰੀਸ ਦੀ ਘਾਟ,ਜੋੜ੍ਹਾਂ ਦੀ ਸੋਜ, ਕੈਲਸ਼ੀਅਮ ਦੀ ਘਾਟ ਨਾਲ਼ ਹੱਡੀਆਂ ਦਾ ਕਮਜ਼ੋਰ ਹੋਣਾ, ਵਿਟਾਮਿਨ ਡੀ ਦੀ ਘਾਟ ਕਾਰਨ, ਕਿਸੇ ਕਾਰਨ ਸੱਟ ਲੱਗ ਜਾਣਾ ਜਾਂ ਬਹੁਤ ਜਿਆਦਾ ਮੋਟਾਪਾ ਹੋਣਾ ਕਿਉਕਿ ਜਿਆਦਾ ਮੋਟਾਪੇ ਕਾਰਨ ਸਰੀਰ ਤੇ ਫਾਲਤੂ ਵਜ਼ਨ ਭਾਰੂ ਰਹਿੰਦਾ ਹੈ ।ਜੋ ਆਪਣੇ ਜੋੜਾ ਤੇ ਬਹੁਤ ਜਿਆਦਾ ਮਾਰੂ ਪ੍ਰਭਾਵ ਪਾਉਦਾ ਹੈ ਤੇ ਹੋਰ ਵੀ ਕਈ ਤਰ੍ਹਾਂ ਦੇ ਨੁਕਸ ਹੁੰਦੇ ਹਨ ।ਮੈਂ ਸਿਰਫ ਗੱਲ਼ ਕਰਾਂਗਾਂ ।ਗੋਡਿਆਂ ਦੇ ਗ੍ਰੀਸ ਬਾਰੇ ਇਹ ਸਮੱਸਿਆ ਬਹੁਤ ਤੇਜ਼ੀ ਨਾਲ਼ ਵੱਧ ਰਹੀ ਹੈ ।ਇਸ ਦਾ ਕਾਰਨ ਹੈ ਆਪਣਾ ਖਾਣਾ-ਪੀਣਾ ਬਹੁਤ ਮਾੜਾ ਹੈ ।ਚੰਗੀ ਤੇ ਪੌਸ਼ਟਿਕ ਖ਼ੁਰਾਕ ਤੋਂ ਆਪਾਂ ਬਹੁਤ ਦੂਰ ਜਾ ਰਹੇ ਹਾਂ ।ਆਪਾਂ ਨੂੰ ਸੁਆਦ ਕੀ ਲੱਗਦਾ ਹੈ ,ਫਾਸਟ ਫੂਡ, ਪੀਜ਼ੇ , ਬਰਗਰ, ਸਮੋਸੇ ਤਰ੍ਹਾਂ -2 ਦੇ ਵਿਦੇਸੀ ਖਾਣੇ ਜੋ ਆਪਣੇ ਸਰੀਰ ਚੋਂ ਬਹੁਤ ਕੁਝ ਖਤਮ ਕਰ ਰਹੇ ਹਨ।

ਗ੍ਰੀਸ:-ਭਾਵ ਲੁਬਰੀਕੇਟ ਚਿਕਨਾਹਟ ਜੋ ਆਪਣੇ ਜੋੜ੍ਹਾਂ ‘ਚ ਹੋਣੀ ਬਹੁਤ ਜ਼ਰੂਰੀ ਹੈ ।ਇਸ ਚਿਕਨਾਈ ‘ਚ ਆਪਣੇ ਗੋਡੇ ਮੂਵਮੈਂਟ ਕਰਦੇ ਨੇ ਭਾਵ ਮੁੜਦੇ ਨੇ, ਘੁੰਮਦੇ ਨੇ ਜਦੋਂ ਇਹ ਚਿਕਨਾਹਟ ਘੱਟ ਜਾਂਦੀ ਹੈ, ਜਾਂ ਖਤਮ ਹੋ ਜਾਂਦੀ ਹੈ ।ਤਾਂ ਹੱਡੀਆਂ ਆਪਸ ‘ਚ ਘੱਸਣ ਲੱਗ ਜਾਂਦੀਆਂ ਹਨ ।ਜਿਹੜਾ ਇਹ ਗ੍ਰੀਸ ਹੈ ਇਹ ਜੋੜ੍ਹਾਂ ਨੂੰ ਬਚਾਕੇ ਰੱਖਦਾ ਹੈ ।ਜਦੋਂ ਇਹ ਗ੍ਰੀਸ ਖਤਮ ਹੋ ਜਾਂਦਾ ਹੈ ਤਾਂ ਹੱਡੀਆ ਆਪਸ ‘ਚ ਭਿੜਣ ਲੱਗ ਜਾਂਦੀਆ ਹਨ ।ਜਿੰਨ੍ਹਾਂ ਨਾਲ਼ ਸੋਜ, ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ ।ਇਸ ਲਈ ਆਪਾਂ ਨੂੰ ਜੋੜ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ।ਜਦੋਂ ਆਪਾਂ ਕਿਸੇ ਸਪੈਸਲਿਸਟ ਕੋਲ਼ ਜਾਂਦੇ ਹਾਂ ।ਤਾਂ ਉਹ ਜੋੜ੍ਹ ਬਦਲਾਉਣ ਲਈ ਕਹਿੰਦਾ ਹੈ ।ਜਿਸ ਦਾ ਖਰਚਾ ਲੱਖਾਂ ‘ਚ ਹੁੰਦਾ ਹੈ ।ਜਿਸ ਕੋਲ ਪੈਸਾ ਹੈ ਉਹ ਤਾਂ ਜੋੜ੍ਹ ਬਦਲਾ ਲੈਂਦਾ ਹੈ ਪਰ ਜਿਹਦੇ ਕੋਲ਼ ਪੈਸਾ ਨਹੀਂ ਉਹ ਕੀ ਕਰੇ ।ਕਿਉਕਿ ਮਹਿੰਗਾਈ ਐਨੀ ਹੈ ਕਿ ਢਿੱਡ ਭਰ ਜਾਵੇ, ਘਰ ਦਾ ਖਰਚਾ ਚੱਲ਼ ਜਾਵੇ ਪਹਿਲਾ ਤਾਂ ਇਹੀ ਟੈਨਸ਼ਨ ਹੀ ਨਹੀਂ ਮੁਕਦੀ, ਲੱਖਾਂ ਰੁਪਏ ਕਿੱਥੋਂ ਆਉਣ ਸੋ ਮੈਂ ਅੱਜ ਥੋੜ੍ਹੀ ਕੋਸ਼ਿਸ਼ ਕੀਤੀ ਹੈ ਕਿ ਤੁਹਾਨੂੰ ਕੁਝ ਰਾਹਤ ਮਿਲੇ ਤੁਸੀ ਲੱਖਾਂ ਰੁਪਏ ਲਾਉਣ ਤੋਂ ਬੱਚ ਜਾਵੋ ।ਆਪਾਂ ਗੱਲ਼ ਕਰਾਂਗੇ ਇੱਕ ਪੰਜ਼ੀਰੀ ਦੀ ਜੋ ਤੁਹਾਡੇ ਜੋੜ੍ਹਾਂ ‘ਚ ਗ੍ਰੀਸ ਪੈਦਾ ਕਰ ਸਕਦੀ ਹੈ ।ਜੋੜ੍ਹਾਂ ‘ਚ ਗ੍ਰੀਸ ਦੀ ਘਾਟ ਕਰਕੇ, ਸੋਜ, ਦਰਦ ਪੈਦਾ ਹੁੰਦਾ ਹੈ।

ਚਾਹੀਦਾ ਕੀ ਹੈ:- ਕੁੱਜਾ ਮਿਸ਼ਰੀ 150ਗ੍ਰਾਮ, ਬਦਾਮ 250ਗ੍ਰਾਮ , ਹਰੀ ਇਲਾਚੀ ਦੇ ਬੀਜ਼ 100ਗ੍ਰਾਮ, ਕਾਲ਼ੀ ਮਿਰਚ 100ਗ੍ਰਾਮ, ਖੀਰੇ ਦੇ ਮਗਜ਼ 200ਗ੍ਰਾਮ, ਸਾਲਮ ਮਿਸ਼ਰੀ 50ਗ੍ਰਾਮ, ਅਸਗੰਧ 50ਗ੍ਰਾਮ, ਸੋਇਆਬੀਨ ਕਿਲੋ ਗ੍ਰਾਮ ।ਇਹ ਸਾਰੀ ਸਮੱਗਰੀ ਦੀ ਖ਼ੁਰਾਕ ਮੈਂ ਦੱਸ ਦਿੱਤੀ ਤੇ ਸਭ ਤੋਂ ਪਹਿਲਾ ਸੋਇਆਬੀਨ ਨੂੰ ਰੇਤੇ ਜਾਂ ਨਮਕ ‘ਚ ਭੁੰਨ ਲਵੋਂ ।ਭੁੰਨਨੀ ਸਿਰਫ ਐਨੀ ਹੈ ਕਿ ਉਹ ਭੁਰੇ ਰੰਗ ਦੀ ਹੋ ਜਾਵੇ, ਜਲ਼ੇ ਨਾ, ਜਦੋਂ ਸੋਇਆਬੀਨ ਰੇਤੇ ਦੀ ਗਰਮਾਇਸ ‘ਚ ਤਿੜਕਣ ਲੱਗ ਜਾਵੇ ਤਾਂ ਉਹਨੂੰ ਰੇਤੇ ਚੋਂ ਕੱਢ ਲਵੋਂ ।ਫੇਰ ਠੰਢਾ ਹੋਣ ਤੇ ਪੀਸ ਲਵੋਂ ।ਫੇਰ ਇਸ ‘ਚ ਕੁੱਜਾ ਮਿਸ਼ਰੀ 150ਗ੍ਰਾਮ, ਬਦਾਮ 250ਗ੍ਰਾਮ , ਹਰੀ ਇਲਾਚੀ ਦੇ ਬੀਜ 100ਗ੍ਰਾਮ, ਕਾਲ਼ੀ ਮਿਰਚ 100ਗ੍ਰਾਮ, ਖੀਰੇ ਦੇ ਮਗਜ਼ 200ਗ੍ਰਾਮ, ਸਾਲਮ ਮਿਸ਼ਰੀ 50ਗ੍ਰਾਮ, ਅਸਗੰਧ 50ਗ੍ਰਾਮ, ਸਭ ਨੂੰ ਵਾਰੀ-2 ਕੁਟਕੇ ਸੋਇਆਬੀਨ ਦੇ ਪਾਊਡਰ ‘ਚ ਚੰਗੀ ਤਰ੍ਹਾਂ ਮਿਲਾ ਲਵੋਂ ।ਕਿਸੇ ਵਧਿਆ ਭਾਂਡੇ ‘ਚ ਪਾ ਲਵੋਂ ।1-1 ਚਮਚ ਸਵੇਰੇ ਸ਼ਾਮ ਦੁੱਧ ਨਾਲ਼ ਲਵੋਂ ।ਮਹੀਨੇ ‘ਚ ਜੋੜ੍ਹਾਂ ‘ਚ ਕੱੜ੍ਹ-2 ਦੀ ਅਵਾਜ਼ ਘੱਟ ਜਾਏਗੀ ਜੋ ਗ੍ਰੀਸ ਦੀ ਘਾਟ ਕਰਕੇ ਹੁੰਦੀ ਹੈ ।ਜੋੜ ਮੁੜਣ ਲੱਗ ਜਾਣਗੇ, ਦਰਦ ਵੀ ਘੱਟ ਜਾਏਗਾ ।ਇਸ ਨਾਲ਼ ਹੀ ਤੁਸੀ ਦੋ ਤਰ੍ਹਾਂ ਦੀ ਆਯੂਰਵੈਦਿਕ ਦਵਾਈ ਖਾਣੀ ਹੈ।

ਪਹਿਲੀ ਗੋਲ਼ੀ ਹੈ ਸਲਾਕੀ- ਇਹ 2-2 ਗੋਲੀਆਂ ਸਵੇਰੇ ਸ਼ਾਮ, ਇਹ ਗੋਲੀ ਕਿਸੇ ਵੀ ਕਿਸਮ ਦਾ ਗਠੀਆ,ਜੋੜਾਂ ਦਾ ਦਰਦ, ਜੋੜਾਂ ਚ ਗ੍ਰੀਸ ਦੀ ਘਾਟ ਪੂਰੀ ਕਰਦੀ ਹੈ।

ਹੱਡ ਜੋੜ ਗੋਲੀ:-1-1 ਗੋਲ਼ੀ ਸਵੇਰੇ ਸ਼ਾਮ ਇਹ ਗੋਲ਼ੀ ਹੱਡੀਆਂ ਦੀ ਕਮਜ਼ੋਰੀ ਹੱਡੀਆਂ ‘ਚ ਕੈਲਸ਼ੀਅਮ ਦੀ ਕਮੀ ਪੂਰੀ ਕਰਦੀ ਹੈ ।ਹੱਡ ਜੋੜ ਬੂਟੀ ਦਾ ਬੂਟਾ ਟੁੱਟੀ ਹੱਡੀ ਤੇ ਬਹੁਤ ਕੰਮ ਕਰਦਾ ਹੈ।

ਜੋੜਾਂ ਦਾ ਤੇਲ :-ਜਦੋਂ ਜੋੜਾਂ ‘ਚ ਸੋਜ ਆ ਜਾਂਦੀ ਹੈ ਉਦੋ



ਜੋੜ ਮੁੜਦੇ ਨਹੀਂ ਜਾਮ ਜਿਹੇ ਹੋ ਜਾਂਦੇ ਹਨ ।ਤਾਂ ਉਦੋਂ ਉਨ੍ਹਾਂ ਨੂੰ ਖੋਲ਼ਣ ਲਈ ਗਰਮਾਇਸ ਦੀ ਲੋੜ ਹੁੰਦੀ ਹੈ ਇਸ ਕਰਕੇ ਦਰਦਾਂ ਦੇ ਤੇਲ ਦੀ ਵਰਤੋਂ ਕੀਤੀ ਜਾਂਦੀ ਹੈ ।ਆਪਾਂ ਵੀ ਇੱਕ ਤੇਲ਼ ਬਣਾਉਣ ਦੀ ਵਿਧੀ ਦੱਸਾਂਗੇ।

ਪੁਦੀਨਾ ਸਤ 100ਗ੍ਰਾਮ, ਦੇਸੀ ਕਪੂਰ 200ਗ੍ਰਾਮ, ਅਜਵਾਇਨ ਸਤ 100ਗ੍ਰਾਮ, ਰਤਨਜੋਤ 20ਗ੍ਰਾਮ, ਸਰ੍ਹੋਂ ਤੇਲ਼ 600ਗ੍ਰਾਮ=ਸਭ ਤੋਂ ਪਹਿਲਾ ਰਤਨਜੋਤ ਨੂੰ ਚੰਗੀ ਤਰ੍ਹਾਂ ਪੀਸਕੇ ਕਪੜਛਾਣ ਕਰ ਲਵੋਂ ।ਫੇਰ ਸਰ੍ਹੋਂ ਦਾ ਤੇਲ਼ ਗਰਮ ਕਰੋਂ ।ਜਦੋ ਧੂੰਆ ਨਿਕਲਣ ਲੱਗ ਜਾਵੇ ਤਾਂ ਉਸ ‘ਚ ਪੁਦੀਨਾ ਸਤ,ਅਜਵਾਇਨ ਸਤ, ਦੇਸੀ ਕਪੂਰ ਕੁਟਕੇ ਪਾ ਦਿਉ ।ਆਖਰ ਤੇ ਰਤਨਜੋਤ ਮਿਲਾਕੇ ਚੰਗੀ ਤਰ੍ਹਾਂ ਮਿਕਸ ਕਰੋ ।ਤੇ ਤੇਲ਼ ਨੂੰ ਠੰਢਾ ਹੋਣ ਦਿਉ ।ਜਦੋਂ ਤੇਲ ਠੰਢਾ ਹੋ ਜਾਵੇ ਤਾਂ ਇਸ ਨੂੰ ਚੁੰਨੀ ਜਾਂ ਚਾਹਪੂਣਨੀ ਨਾਲ਼ ਛਾਣ ਲਵੋਂ ।ਇਸ ਤੇਲ਼ ਦੀ ਦਿਨ ‘ਚ 2 ਵਾਰ ਚੰਗੀ ਤਰ੍ਹਾਂ ਜੋੜਾਂ ਦੀ ਮਾਲਿਸ਼ ਕਰੋ ।ਗੋਡੇ ਦੇ ਉਪਰ ਤੇ ਥੱਲੇ ਵੀ ਤੇਲ ਚੰਗੀ ਤਰਾਂ ਮਲੋ । ਇਸ ਨਾਲ਼ ਸੋਜ, ਜਕੜਣ , ਦਰਦ, ਠੀਕ ਹੋਵੇਗਾ ।ਇਹੀ ਤੇਲ਼ ਆਮ ਕਿਸੇ ਹੋਰ ਵਜ੍ਹਾ ਨਾਲ਼ ਮੋਚ ਪੈ ਜਾਵੇ, ਮਾਸ ਫੱਟ ਜਾਵੇ ਉਹ ਵੀ ਠੀਕ ਹੋ ਜਾਂਦਾ ਹੈ ।ਇਹ ਨੁਸਖਾ ਜਿਵੇਂ ਪੰਜ਼ੀਰੀ, ਗੋਲ਼ੀਆਂ, ਇਹ ਨੁਸਖਾ ਜੋੜਾਂ ਦੇ ਦਰਦਾਂ ‘ਚ, ਸੋਜ ਠੀਕ ਕਰਦਾ ਹੈ ਤੇ ਗ੍ਰੀਸ ਬਣਨ ‘ਚ ਬਹੁਤ ਮਦਦ ਕਰਦਾ ਹੈ ।ਬਸ ਸਬਰ ਤੋਂ ਕੰਮ ਲਵੋਂ ਧੀਰਜ ਰੱਖਕੇ ਨੁਸਖਾ ਵਰਤੋ । ਜੇ ਲਗਾਤਾਰ ਵਰਤ ਲਿਆ ਤਾਂ ਤੁਹਾਨੂੰ ਜੋੜ ਬਦਲਾਉਣ ਦੀ ਲੋੜ ਨਹੀਂ ਪਵੇਗੀ।

ਪਰਹੇਜ਼:-ਖੱਟੀ ਤੱਲ਼ੀ ਚੀਜ਼, ਫਾਸਟ ਫੂਡ, ਕੋਲਡ ਡਰਿੰਕ, ਅਰਬੀ, ਛਿਲਕੇ ਵਾਲ਼ੀਆਂ ਦਾਲਾਂ ਤੋਂ ਪਰਹੇਜ਼ ਕਰੋ।

ਖਾਣਾ ਪੀਣਾ:-ਦਾਲ਼ ਸਬਜ਼ੀ ‘ਚ ਗਾਂ ਦਾ ਦੇਸੀ ਘੀ ਪਾ ਕੇ ਖਾਉ ।ਪੁੰਗਰੀ ਹੋਈ ਮੇਥੀ, ਐਲੋਵੀਰਾ ਦਾ ਗੁੱਦਾ, ਖਾਲ਼ੀ ਪੇਟ ਨਾਰੀਅਲ਼ ਪਾਣੀ ਪੀਵੋਂ,ਨਾਰੀਅਲ਼ ਪਾਣੀ ‘ਚ ਵਿਟਾਮਿਨ, ਮਿਨਰਲ ਤੇ ਹੋਰ ਵੀ ਖ਼ੁਰਾਕੀ ਤੱਤ ਹੁੰਦੇ ਹਨ ।ਜੋ ਗ੍ਰੀਸ ਬਣਾਉਣ ‘ਚ ਮਦਦ ਕਰਦੇ ਹਨ ।ਅੰਗੂਰ,ਮੱਛੀ,ਬ੍ਰੋਕਲੀ,ਅਖਰੋਟ,ਤਾਜ਼ੀ ਹਲਦੀ ਅਜਿਹੀਆਂ ਚੀਜ਼ਾ ਬਹੁਤ ਫਾਇਦਾ ਕਰਦੀਆਂ ਹਨ ।ਜਦੋਂ ਵੀ ਤੁਹਾਨੂੰ ਪੈਰਾ ਭਾਰ ਬੈਠਣਾ ਔਖਾ ਲੱਗੇ,ਚੌਂਕੜੀ ਮਾਰਨ ‘ਚ ਮੁਸ਼ਕਲ਼ ਲੱਗੇ,ਪੌੜੀਆਂ ਚੜਣਾ ਉਤਰਨਾ ਔਖਾ ਲੱਗਦਾ ਹੋਵੇ ਤਾਂ ਹੋ ਸਕਦਾ ਹੈ ।ਤੁਹਾਡੇ ਗੋਡਿਆ ‘ਚ ਗ੍ਰੀਸ ਬਣਨਾ ਘੱਟ ਗਿਆ ਹੋਵੇ ਉਸੇ ਟਾਇਮ ਡਿਜੀਟਲ਼ ਐਕਸਰੇ ਕਰਵਾ ਕੇ ਗੋਡਿਆ ਦੀ ਜਾਂਚ ਕਰਵਾਉ ।ਜੇਕਰ ਗ੍ਰੀਸ ਬਣਨਾ ਘੱਟ ਹੋ ਗਿਆ ਹੋਵੇ ਤਾਂ ਇਹ ਪੰਜ਼ੀਰੀ , ਗੋਲੀਆ ਤੇ ਤੇਲ਼ ਮੈਂ ਬਣਾਉਣਾ ਦੱਸਿਆ ਹੈ ਲਗਾਤਾਰ 5-6 ਮਹੀਨੇ ਵਰਤੋਂ ਫਰਕ ਤੁਹਾਨੂੰ ਪਹਿਲੇ ਮਹੀਨੇ ਪਤਾ ਲੱਗ ਜਾਵੇਗਾ ।ਪ੍ਰਮਾਤਮਾ ਕਰੇ ਤੁਹਾਡੀ ਮੇਹਨਤ ਦੀ ਕਮਾਈ ਦੀ ਬੱਚਤ ਹੋਵੇ ਤੇ ਤੁਸੀ ਆਪਣੇ ਗੁੰਜਾਇਸ ਮੁਤਾਬਿਕ ਠੀਕ ਵੀ ਹੋ ਜਾਵੋ ।ਗਰੀਬ ਬੰਦਾ ਵੀ ਮਹਿੰਗੇ ਇਲਾਜ ਤੋਂ ਬੱਚ ਸਕਦਾ ਹੈ।

**ਵੈਦ ਬੀ.ਕੇ.ਸਿੰਘ**
**ਸੰਪਰਕ:-9872610005**

**ਅਦਾਰਾ ਪ੍ਰੀਤਨਾਮਾ ਇਨ੍ਹਾਂ ਇਲਾਜਾਂ ਦੀ ਪੁਸ਼ਟੀ ਨਹੀਂ ਕਰਦਾ ਹੈ।**
**ਉਕਤ ਇਲਾਜ ਲਈ ਇੱਕ ਵਾਰ ਡਾਕਟਰ ਦੀ ਸਲਾਹ ਜ਼ਰੂਰ ਲਓ।**

# ਸ਼ੂਗਰ ਦਾ ਸਮਾਧਾਨ ਤੇ ਸੰਸਾਰਿਕ ਝਾਤ

ਤੰਦਰੁਸਤੀ ਜੀਵਨ ਦਾ ਅਨਮੋਲ ਖਜਾਨਾ ਹੈ । ਇਹ ਜਾਣਦਿਆ ਵੀ ਮਨੁੱਖ ਅਜੋਕੇ ਸਮੇ ਦੀ ਭੱਜ-ਦੋੜ ਵਿੱਚ ਅੱਖੋ ਪਰੋਖੇ ਕਰਨੋ ਨਹੀ ਟਲਦਾ। ਹੁਣ ਸਵੇਰੇ ਰੱਖੀ ਹਾਰੇ ਰਿੱਧੀ ਦਾਲ ਖਾਣ ਜਾ ਮੱਠੀ ਅੱਗ ਤੇ ਕੜਿਆ ਦੁੱਧ ਤ੍ਰਿਕਾਲੇ ਵੇਲੇ ਪੀਣ ਦਾ ਸਮਾ ਨਹੀ ਰਿਹਾ । ਅੱਜ ਇਸ ਦੀ ਜਗਾ ਫਾਸਟ ਫੂਡ ਨੇ ਲੈ ਲਈ ,ਜਿਸ ਨੂੰ ਸਫਰ ਜਾਂ ਕੰਮ ਕਰਦੇ ਵੀ ਖਾ ਸਕਦੇ ਹਾਂ । ਪਰ ਇਹ ਜੰਕ ਫੂਡ ਵਿੱਚ ਸੋਡੀਅਸ,ਨਾਈਟ੍ਰੋਜਨ,ਚੀਨੀ ਅਤੇ ਸੰਤ੍ਰਿਪਤ ਫੈਟ ਦੇ ਤੱਤਾ ਨਾਲ ਭਰਪੂਰ ਹੈ । ਜੋ ਵਾਧੂ ਬੀਮਾਰੀਆ ਦੇ ਨਾਲੋ ਨਾਲ ਇਨਸੋਲੀਨ ਬਣਨ ਦੀ ਕਿਰਿਆ ਨੂੰ ਪ੍ਰਭਾਵਤ ਕਰਦੇ ਹਨ । ਸਾਡੀ ਕਲੋਮ ਗ੍ਰੰਥੀ 200 ਗ੍ਰਾਮ ਤੱਕ ਮਿੱਠਾ ਹਜਮ ਕਰਨ ਲਈ ਇੰਨਸੁਲਿਨ ਬਣਾਉਂਦੀ ਹੈ। ਪਰ ਇਹ ਗ੍ਰੰਥੀ ਜਿੰਕ ਖਾਣੇ ਵਿਚਲੇ ਅਸੁੰਤਲਿਤ ਕੈਸੀਕਲ ਘਚੋਲੇ ਨਾਲ ਵਧੇ ਮਿੱਠੇ ਦੀ ਮਾਤਰੇ ਕਾਰਨ ਕੰਮ ਨਹੀ ਕਰਦੀ । ਜਿਸ ਨਾਲ ਇੰਨਸੁਲੀਨ ਘੱਟ ਬਣਦੀ ਜਾਂ ਬਣਦੀ ਹੀ ਨਹੀ । ਸਰੀਰ ਵਿੱਚੋਂ ਜ਼ਿਆਦਾ ਖਾਧਾ ਮਿੱਠਾ ਮੂਤਰ ਦੁਆਰਾ ਬਾਹਰ ਨਿਕਲਦਾ ਜਾਦਾ ਹੈ। ਇਸ ਦੀ ਘਾਟ ਨੂੰ ਪੂਰਾ ਕਰਨ ਮਰੀਜ ਇੰਨਸੁਲਿਨ ਦੇ ਟੀਕੇ ਦੀ ਵਰਤੋ ਕਰਦੇ ਹਨ । ਜੋ ਅਸਿੱਧੇ ਤੋਰ ਤੇ ਸਰੀਰਕ ਢਾਂਚੇ ਲਈ ਘਾਤਕ ਹੈ । ਇਹ ਬੀਮਾਰੀ ਦੋ ਤਰਾ ਦੀ ਹੈ ਪਹਿਲੀ ਸੂਗਰ ਇੰਨਸੁਲਿਨ ਦਾ ਨਾ ਬਣਨਾ, ਦੂਸਰੀ ਬਲੱਡ ਸੂਗਰ ਹੈ ।2030 ਤੱਕ ਦੁਨੀਆ ਦੀ ਸੱਤਵੀ ਜਾਨਲੇਵਾ ਬੀਮਾਰੀ ਹੋਵੇਗੀ । ਭਾਰਤ ਵਿੱਚ 2019 ਨੂੰ 15 ਲੱਖ ਇੰਨਸੁਲਿਨ ਦੀ ਕਮੀ ਵਾਲੀ ਸੂਗਰ ਤੇ 22 ਲੱਖ ਬਲੱਡ ਸੂਗਰ ਨਾਲ ਮੌਤਾ ਹੋਈਆ । ਇਕੱਲੇ ਚੀਨ ਵਿੱਚ 11.6 ਕਰੌੜ ਮਰੀਜਾ ਨਾਲ ਪਹਿਲੇ ਨੰਬਰ ਜਦੋ ਕਿ ਭਾਰਤ 7.7 ਕਰੌੜ ਮਰੀਜਾ ਨਾਲ ਦੂਜੇ ਨੰਬਰ ਉਪਰ ਹੈ । ਜਿਸ ਤਰਾ ਦੀ ਜੀਵਨ ਸੈਲੀ ਭਾਰਤੀ ਲੋਕ ਹਢਾ ਰਹੇ ਹਨ ਸੰਨ 2035 ਤੱਕ 10.9 ਕਰੌੜ ਲੋਕ ਲਪੇਟ ਵਿਚ ਆ ਜਾਵਣਗੇ । ਸੰਸਾਰ ਸਿਹਤ ਸੰਸਥਾ ਦੇ ਤਾਜੇ ਸਰਵੇ ਮੁਤਾਬਕ 46.4 ਕਰੌੜ ਲੋਕ ਸੂਗਰ ਨਾਲ ਜੂਝ ਰਹੇ ਹਨ । ਭਾਰਤ ਦੇ ਗੋਆ ਸਟੇਟ ਵਿੱਚ ਸਭ ਤੋ ਘੱਟ 8.6 ਪ੍ਰਤੀਸਤ ਲੋਕਾ ਨੂੰ ਬੀਮਾਰੀ ਹੈ ।




ਸ਼ੂਗਰ ਦੇ ਲੱਛਣ : ਕੁਝ ਲੋਕ ਜਿਆਦਾ ਭੁੱਖ ਲੱਗਣ ਨੂੰ ਹੀ ਸੂਗਰ ਦਾ ਲੱਛਣ ਮੰਨ ਲੈਦੇ ਹਨ । ਪਰ ਅਜਿਹਾ ਨਹੀ , ਭੁੱਖ ਲੱਗਣ ਦਾ ਕਾਰਨ ਮੋਸਮ ਬਦਲਣ ਜਾ ਸਰੀਰਕ ਕਿਰਿਆ ਉਪਰ ਵੀ ਨਿਰਭਰ ਹੈ । ਉਝ ਦੂਜੇ ਕਾਰਨਾ ਦੇ ਨਾਲ ਭੁੱਖ ਪਿਆਸ ਜਿਆਦਾ ਲੱਗਣਾ, ਜਖਮ ਜਲਦ ਠੀਕ ਨਹੀਂ ਹੋਣਾ, ਮੂਤਰ ਤੇ ਕੀੜੀਆਂ ਦਾ ਇਕੱਠਾ ਹੋਣਾ ,ਸਰੀਰਕ ਤੌਰ ਤੇ ਕਮਜੋਰੀ ਲੱਗਣਾ ਸ਼ੂਗਰ ਦੇ ਮੁੱਖ ਲੱਛਣ ਹਨ। ਐਲੋਪੈਥੀ ਵਿਧੀ ਰਾਹੀ ਇੰਨਸੁਲੀਨ ਮਰੀਜ ਨੂੰ ਖਾਣੇ ਤੋ ਪਹਿਲਾ ਸ਼ੂਗਰ ਪਚਾਉਣ ਲਈ ਦਿੱਤੀ ਜਾਂਦੀ ਹੈ। ਜੋ ਹੱਡੀਆਂ ਨੂੰ ਕਮਜੋਰ ਕਰਦਾ ਹੈ । ਸਰੀਰਕ ਤੰਦਰੁਸਤੀ ਮਨੁੱਖੀ ਇੱਛਾ ਤੇ ਨਿਰਭਰ ਹੈ । ਸਾਦਾ ਤੇ ਸਾਤਵਿਕ ਭੋਜਨ ਸਰੀਰ ਨੂੰ ਤਾਕਤ ਤੇ ਆਤਮਾ ਨੂੰ ਸਾਂਤੀ ਦਿੰਦਾ ਹੈ । ਪਰ ਜੀਭ ਦੇ ਸਵਾਦ ਲਈ ਬਜਾਰੂ ਮਠਿਆਈ, ਤਲੀ ਵਸਤੂਆਂ, ਮਾਸ, ਮੱਛਲੀ, ਫਾਸਟ ਫੂਡ, ਬਿਨਾਂ ਭੁੱਖ ਖਾਣਾ, ਵਰਜਿਸ ਨਾ ਕਰਨਾ ਆਦਿ ਵੀ ਸੂਗਰ ਦੇ ਕਾਰਨ ਹੋ ਸਕਦੇ ਹਨ ।

ਇਲਾਜ : ਪੁਰਤਨ ਵੇਦ ਸਾਨੂੰ ਸਾਦਾ ਰਹਿਣਾ ਤੇ ਖਾਣਾ ਰਿਸਟ-ਪੁਸਟ ਜੀਵਨ ਦਾ ਅਧਾਰ ਦੱਸ ਗਏ ਹਨ । ਚੰਚਲ ਮਨ ਨਾਲ ਸਹੇੜੇ ਸੂਗਰ ਵਰਗੇ ਵਿਗਾੜਾ ਦਾ ਸਧਾਰਨ ਇਲਾਜ ਵੀ ਲਿਖਤ ਤੇ ਘਰੇਲੂ ਵਸਤਾ ਨਾਲ ਹੀ ਸੰਭਵ ਹੈ । ਜਿਵੇ ਕਿ ਰਾਤ ਨੂੰ 5 ਗ੍ਰਾਮ ਆਂਵਲਾ ਪਾਊਡਰ ਅੱਧਾ ਲੀਟਰ ਪਾਣੀ ਵਿੱਚ ਭਿਉਂ ਦੇਵੋ ਜਾਂ 4 ਭਿੰਡੀਆ ਵਿਚ ਦੋਹਰੇ ਚੀਰ ਮਾਰ ਕੇ ਰਾਤ ਨੂੰ ਕੰਚ ਦੇ ਗਿਲਾਸ ਵਿੱਚ ਪਾਣੀ ਪਾ ਕੇ ਖੜ੍ਹੀਆਂ ਕਰ ਦੇਵੋ। ਸਵੇਰੇ ਛਾਣ ਕੇ ਉਸ ਪਾਣੀ ਨਾਲ 6 ਤੁਲਸੀ ਦੇ ਪੱਤੇ ਤੇ 2 ਗ੍ਰਾਮ ਅਦਰਕ ਖਾਵੋ। ਨਾਸ਼ਤੇ ਵਿੱਚ ਪੁੰਗਰੇ ਕਾਲੇ ਛੋਲੇ ਜਾਂ ਮੂੰਗੀ, ਜਿਸ ਵਿੱਚ 200 ਗ੍ਰਾਮ ਟਮਾਟਰ, ਖੀਰਾ, ਨਿੰਬੂ, ਹਲਕਾ ਸੇਂਧਾ ਨਮਕ, ਕਾਲੀ ਮਿਰਚ ਪਾ ਕੇ ਹੌਲੀ ਹੌਲੀ ਚਿੰਥ ਕੇ ਖਾਵੋ। ਨਾਸਤੇ ਤੋਂ 2 ਘੰਟੇ ਬਾਅਦ ਸ਼ੂਗਰ ਚੈਕ ਕਰੋ, ਜੇਕਰ 150 ਤੋਂ ਘੱਟ ਆਉਂਦੀ ਹੈ ਤਾਂ ਦਵਾਈ ਨਾ ਲਵੋ। ਦੁਪਹਿਰ ਅਤੇ ਸ਼ਾਮ ਦੇ ਖਾਣੇ ਵਿੱਚ 40 ਫੀਸਦੀ ਟਮਾਟਰ, ਖੀਰਾ, ਪਿਆਜ ਦਾ ਸਲਾਦ ਹੋਵੇ, ਮੋਟੇ ਮਿੱਸੇ ਆਟੇ ਦੀ ਰੋਟੀ ਅਤੇ ਇੱਕ ਕੋਲੀ ਸਬਜ਼ੀ ( ਬਿਨਾਂ ਤਲੀ ) ਲਵੋ। ਸ਼ਾਮ 4 ਵਜੇ ਇਕ ਕਰੇਲਾ, ਇੱਕ ਟਮਾਟਰ, ਅੱਧਾ ਖੀਰਾ ਮਿਕਸੀ ਵਿੱਚ ਪੀਸ ਕੇ ਲਵੋ, ਜਿਸ ਵਿੱਚ ਸੇਂਧਾ ਨਮਕ, ਕਾਲੀ ਮਿਰਚ ਅਤੇ ਨਿੰਬੂ ਮਿਲਾ ਸਕਦੇ ਹੋ। ਰਾਤ ਨੂੰ ਸੌਣ ਤੋਂ ਪਹਿਲਾਂ ਇੱਕ ਚਮਚ ਕੌੜ ਤੂੰਬੇ ਤੇ ਅਜਵਾਇਨ ਦੀ 3 ਗ੍ਰਾਮ ਫੱਕੀ ਗੁਣਗੁਣੇ ਜਾ ਸ਼ਾਦੇ ਪਾਣੀ ਨਾਲ ਲਵੋ। ਫਾਲਤੂ ਭੁੱਖ ਲੱਗਣ ਤੇ ਭੁੰਨੇ ਹੋਏ ਚਨੇ ਜਾਂ ਮੌਸਮੀ ਫਲ ਲਾਭਦਾਇਕ ਹਨ । ਰੋਜ਼ਾਨਾ ਸ਼ੂਗਰ ਚੈੱਕ ਕਰਵਾਉ ਅਤੇ ਘੱਟਣ ਦੇ ਫਲਸਰੂਪ ਉਪਚਾਰ ਘੱਟ ਵੀ ਕਰ ਸਕਦੇ ਹਾ।

ਗ੍ਰੰਥ ਇਕੱਲਾ ਉਪਚਾਰ ਹੀ ਨਹੀ ਸਗੋ ਸਰੀਰਕ ਕਿਰਿਆ ਵੀ ਨਾਲੋ-ਨਾਲ ਦਰਸਾਈ ਹੈ ਜਿਵੇ ਕਪਾਲ-ਭਾਤੀ, ਅਨੁਲੋਮ ਵਿਲੋਮ, ਪ੍ਰਾਣਾਯਾਮ ਅਤੇ ਮੰਡੂਕ ਆਸਨ ਕਰਨ ਨਾਲ ਸ਼ੂਗਰ ਜਲਦੀ ਘਟਣ ਲੱਗਦੀ ਹੈ । ਨਿਰੰਤਰ ਲੰਮੀ ਸੈਰ ਅਤੇ ਸਰੀਰਕ ਕਸਰਤ ਵੀ ਲਾਹੇਬੰਦ ਹੈ ।ਠੀਕ ਹੋਣ ਤੋਂ ਬਾਅਦ ਖਾਣੇ ਵਿੱਚ ਬਦਲਾਵ ਵੀ ਕੀਤੇ ਜਾ ਸਕਦਾ ਹਨ।

ਸਾਇੰਸ ਦੀ ਤਰੱਕੀ ਨਾਲ ਭਾਂਵੇ ਜਲਦ ਇਲਾਜ ਵਾਲੀਆ ਦਵਾਈਆ ਮੋਜੂਦ ਹਨ । ਪਰ ਉਹਨਾ ਦੇ ਜਾਨਲੇਵਾ ਪ੍ਰਭਾਵ ਤੋ ਬਚਣਾ ਸੰਭਵ ਨਹੀ । ਸੋ ਲੰਮੇ ਜੀਵਨ ਲਈ ਸਮੇ ਸਿਰ ਸਾਦਾ ਖਾਣਾ ,ਸੋਣਾ ਤੇ ਰਿਹਣਾ ਅਤਿ ਜਰੂਰੀ ਹੈ । ਤਾ ਜੋ ਕੁਦਰਤ ਦੀਆ ਬਖਸੀਆ ਅਸ਼ੀਮ ਇਨਾਮਤਾ ਦਾ ਅਨੰਦ ਮਾਣ ਸਕੀਏ ।

**ਧੰਨਵਾਦ ਸਹਿਤ ਵਲੋ,**
**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ।**
**ਮੋਬ - 78374 - 90309**

# ਯੂਨੈਸਕੋ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵਵਿਆਪੀ ਮਨੁੱਖਤਾ ਦੀ ਵਿਰਾਸਤ ਵੀ ਐਲਾਨਿਆ



-ਵਿਸ਼ਵਵਿਆਪੀ ਤੌਰ 'ਤੇ, ਭਾਰਤ ਦੀ ਧਰਤੀ ਰਿਸ਼ੀ-ਮੁਨੀ, ਸੰਤਾਂ ਅਤੇ ਗੁਰੂਆਂ ਦਾ ਨਿਵਾਸ ਸਥਾਨ ਰਹੀ ਹੈ। ਇੱਥੇ ਹਰ ਤਿਉਹਾਰ ਅਤੇ ਪਰੰਪਰਾ ਦਾ ਡੂੰਘਾ ਅਧਿਆਤਮਿਕ ਅਰਥ ਹੈ। ਇਨ੍ਹਾਂ ਅਨਮੋਲ ਪਰੰਪਰਾਵਾਂ ਵਿੱਚੋਂ ਇੱਕ ਕਾਰਤਿਕ ਪ੍ਰਭਾਤ ਫੈਰੀ ਤਿਉਹਾਰ ਹੈ, ਜੋ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਇਹ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਇੱਕ ਜੀਵੰਤ ਅਧਿਆਤਮਿਕ ਯਾਤਰਾ ਹੈ ਜੋ ਸਮਾਜ ਨੂੰ ਸੱਚਾਈ, ਪਿਆਰ, ਸਮਾਨਤਾ ਅਤੇ ਸੇਵਾ ਦੇ ਮਾਰਗ 'ਤੇ ਲੈ ਜਾਂਦੀ ਹੈ।23 ਅਕਤੂਬਰ ਤੋਂ ਸ਼ੁਰੂ ਹੋ ਕੇ 5 ਨਵੰਬਰ, 2025 ਤੱਕ ਜਾਰੀ ਰਹਿਣ ਵਾਲਾ, ਇਹ ਸਮਾਂ ਨਾ ਸਿਰਫ਼ ਸ਼ਰਧਾ ਅਤੇ ਸੇਵਾ ਦਾ ਪ੍ਰਤੀਕ ਹੈ, ਸਗੋਂ ਸਮਾਜਿਕ ਜਾਗ੍ਰਿਤੀ ਅਤੇ ਮਨੁੱਖਤਾ ਵਿੱਚ ਸਦਭਾਵਨਾ ਦੇ ਸੰਦੇਸ਼ ਦੀ ਪੁਸ਼ਟੀ ਦਾ ਵੀ ਇੱਕ ਮੌਕਾ ਹੈ। ਕਾਰਤਿਕ ਦਾ ਪੂਰਾ ਮਹੀਨਾ ਸ਼ੁੱਧਤਾ, ਅਨੁਸ਼ਾਸਨ ਅਤੇ ਸ਼ਰਧਾ ਦਾ ਪ੍ਰਤੀਕ ਹੋਵੇਗਾ।ਪ੍ਰਭਾਤ ਫੇਰੀ ਕਾਰਤਿਕ ਮਹੀਨੇ (8 ਅਕਤੂਬਰ) ਦੀ ਸ਼ੁਰੂਆਤ ਤੋਂ ਬਾਅਦ ਸ਼ੁਰੂ ਹੁੰਦੀ ਹੈ, ਖਾਸ ਤੌਰ 'ਤੇ ਗੁਰੂ ਨਾਨਕ ਜਯੰਤੀ ਦੀ ਤਿਆਰੀ ਵਿੱਚ, ਅਤੇ ਗੁਰੂ ਨਾਨਕ ਦੇਵ ਜੀ ਦੀ ਪੂਰਨਮਾਸ਼ੀ ਵਾਲੇ ਦਿਨ (5 ਨਵੰਬਰ) ਸਮਾਪਤ ਹੁੰਦੀ ਹੈ। ਇਸ ਸਮੇਂ ਦੌਰਾਨ, ਦੇਸ਼ ਅਤੇ ਦੁਨੀਆ ਭਰ ਦੇ ਸ਼ਰਧਾਲੂ ਸਵੇਰੇ ਕੀਰਤਨ, ਭਜਨ ਅਤੇ ਸੇਵਾ ਰਾਹੀਂ ਗੁਰੂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰਦੇ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ,ਗੋਂਡੀਆ, ਮਹਾਰਾਸ਼ਟਰ, ਨੇ ਵੀ ਪ੍ਰਭਾਤ ਫੇਰੀ ਵਿੱਚ ਹਿੱਸਾ ਲਿਆ ਹੈ ਅਤੇ ਦੇਖਿਆ ਹੈ ਕਿ ਇਹ ਸਵੇਰੇ 3:30 ਜਾਂ 4 ਵਜੇ ਗੁਰਦੁਆਰਿਆਂ ਵਿੱਚ ਸ਼ੁਰੂ ਹੁੰਦਾ ਹੈ।ਸ਼ਰਧਾਲੂ ਇਕੱਠੇ ਹੁੰਦੇ ਹਨ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਨ, ਅਤੇ ਫਿਰ ÷ਕੀਰਤਨ ਸੋਹਿਲਾ÷ ਜਾਂ ÷ਜਪਜੀ ਸਾਹਿਬ÷ ਦਾ ਪਾਠ ਕਰਦੇ ਹਨ ਅਤੇ ਪਿੰਡ ਜਾਂ ਕਸਬੇ ਦੀਆਂ ਗਲੀਆਂ ਵਿੱਚ ਮਾਰਚ ਕਰਦੇ ਹਨ, ÷ਧਨ ਗੁਰੂ ਨਾਨਕ, ਸਾਰਾ ਜਗ ਤਾਰਿਆ, ਜੋ ਬੋਲੇ ? ?ਸੋ ਨਿਹਾਲ ਸਤਿ ਸ੍ਰੀ ਅਕਾਲ÷ ਦਾ ਜਾਪ ਕਰਦੇ ਹਨ। ਰਸਤੇ ਵਿੱਚ, ਲੋਕ ਆਪਣੇ ਘਰਾਂ ਦੇ ਬਾਹਰ ਦੀਵੇ ਜਗਾਉਂਦੇ ਹਨ ਅਤੇ ਫੁੱਲਾਂ ਨਾਲ ਜਲੂਸ ਦਾ ਸਵਾਗਤ ਕਰਦੇ ਹਨ। ਜਲੂਸ ਦੇ ਅੰਤ ਵਿੱਚ, ਗੁਰਦੁਆਰੇ ਵਿੱਚ ਇੱਕ ਪ੍ਰਸਾਦ ਸੇਵਾ (ਭੇਂਟ ਸੇਵਾ) ਹੁੰਦੀ ਹੈ, ਜਿੱਥੇ ਸਾਰੇ ਧਰਮਾਂ ਦੇ ਲੋਕ ਇਕੱਠੇ ਬੈਠਦੇ ਹਨ ਅਤੇ ਪ੍ਰਸਾਦ ਦਾ ਸੇਵਨ ਕਰਦੇ ਹਨ। ਇਸ ਦੌਰਾਨ, ਬੱਚਿਆਂ ਅਤੇ ਨੌਜਵਾਨਾਂ ਨੂੰ ਸਿਖਾਇਆ ਜਾਂਦਾ ਹੈ ਕਿ ਗੁਰੂ ਪ੍ਰਤੀ ਸੱਚੀ ਸ਼ਰਧਾ ਸਿਰਫ਼ ਪੂਜਾ ਵਿੱਚ ਹੀ ਨਹੀਂ, ਸਗੋਂ ਸੇਵਾ ਅਤੇ ਸ਼ਰਧਾ ਵਿੱਚ ਵੀ ਹੈ। ਇਹ ਖਾਸ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਨਾਲ ਜੁੜਿਆ ਹੋਇਆ ਹੈ। ਅੱਜ, ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਹੈ; ਪ੍ਰਭਾਤ ਫੇਰੀਆਂ ਦੁਨੀਆ ਭਰ ਦੇ 150 ਤੋਂ ਵੱਧ ਦੇਸ਼ਾਂ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਹਨ। ਲੰਡਨ ਦੇ ਸਾਊਥਾਲ ਗੁਰਦੁਆਰੇ ਤੋਂ ਹਜ਼ਾਰਾਂ ਸ਼ਰਧਾਲੂ ਪ੍ਰਭਾਤ ਫੇਰੀ ਵਿੱਚ ਹਿੱਸਾ ਲੈਂਦੇ ਹਨ। ਵੈਨਕੂਵਰ, ਕੈਨੇਡਾ ਵਿੱਚ, ਸਥਾਨਕ ਨਾਗਰਿਕਾਂ ਦੇ ਨਾਲ, ਭਾਰਤੀ ਮੂਲ ਦੇ ਲੋਕ ਇਸ ਭਗਤੀ ਤਿਉਹਾਰ ਵਿੱਚ ਹਿੱਸਾ ਲੈਂਦੇ ਹਨ।ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ, ਸਿੱਖ ਭਾਈਚਾਰੇ ਅਤੇ ਹੋਰ ਧਰਮਾਂ ਦੇ ਲੋਕ ਸਿੰਗਾਪੁਰ, ਮਲੇਸ਼ੀਆ, ਦੁਬਈ, ਸੰਯੁਕਤ ਰਾਜ ਅਮਰੀਕਾ, ਕੀਨੀਆ ਅਤੇ ਆਸਟ ?ਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਪ੍ਰਭਾਤ ਫੇਰੀਆਂ ਦਾ ਆਯੋਜਨ ਕਰਦੇ ਹਨ। ਇਸ ਤਰ੍ਹਾਂ, ਕਾਰਤਿਕ ਪ੍ਰਭਾਤ ਫੇਰੀ ਵਿਸ਼ਵਵਿਆਪੀ ਸੱਭਿਆਚਾਰਕ ਸੰਵਾਦ ਦਾ ਇੱਕ ਮਾਧਿਅਮ ਬਣ ਗਈ ਹੈ। ਇਹ ਅਨੁਭਵ ਪ੍ਰਭਾਤ ਫੇਰੀ ਵਿੱਚ ਹਿੱਸਾ ਲੈਣ ਵਾਲਿਆਂ ਦੇ ਜੀਵਨ ਵਿੱਚ ਡੂੰਘਾ ਅਧਿਆਤਮਿਕ ਪਰਿਵਰਤਨ ਲਿਆਉਂਦਾ ਹੈ।ਸਵੇਰ ਵੇਲੇ, ਜਦੋਂ ਸਾਰਾ ਮਾਹੌਲ ਸ਼ਾਂਤ ਹੋ ਜਾਂਦਾ ਹੈ ਅਤੇ ਵਾਹਿਗੁਰੂ ਦਾ ਨਾਮ ਗੂੰਜਦਾ ਹੈ, ਤਾਂ ਵਿਅਕਤੀ ਦੀ ਅੰਦਰੂਨੀ ਬੇਚੈਨੀ ਦੂਰ ਹੋਣ ਲੱਗਦੀ ਹੈ। ਇਹ ਅਨੁਭਵ ਦਰਸਾਉਂਦਾ ਹੈ ਕਿ ਵਿਸ਼ਵਾਸ ਸਿਰਫ਼ ਪੂਜਾ ਨਹੀਂ ਹੈ, ਸਗੋਂ ਸਵੈ-ਸ਼ੁੱਧਤਾ ਦਾ ਮਾਰਗ ਹੈ।ਦੋਸਤੋ, ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦੀ ਕਾਰਤਿਕ ਪ੍ਰਭਾਤ ਫੇਰੀ 2025 'ਤੇ ਵਿਚਾਰ ਕਰੀਏ, ਤਾਂ ਇਹ ÷ਸਤਿਗੁਰੂ ਦੀ ਅਰਦਾਸ ਹੈ, ਸੰਸਾਰ ਸਵੇਰ ਦੀ ਰੌਸ਼ਨੀ ਨਾਲ ਪ੍ਰਕਾਸ਼ਮਾਨ ਹੈ÷ (ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ) ਹੈ। ਵਿਸ਼ਵਾਸ, ਸ਼ਰਧਾ ਅਤੇ ਮਨੁੱਖਤਾ ਦੇ ਇਸ ਪਵਿੱਤਰ ਸੰਗਮ ਵਿੱਚ, ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਧਰਤੀ ਨੂੰ ਛੂੰਹਦੀਆਂ ਹਨ, ਤਾਂ ÷ਵਾਹਿਗੁਰੂ÷ ਦਾ ਨਾਮ ਗੁਰਬਾਣੀ ਦੇ ਮਿੱਠੇ ਸ਼ਬਦਾਂ ਨਾਲ ਗੂੰਜਦਾ ਹੈ। ਇਹ ਉਹ ਪਲ ਹੈ ਜਦੋਂ ਕਾਰਤਿਕ ਪ੍ਰਭਾਤ ਫੇਰੀ ਸ਼ੁਰੂ ਹੁੰਦੀ ਹੈ, ਇੱਕ ਵਿਲੱਖਣ ਪਰੰਪਰਾ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਜਾਗ੍ਰਿਤੀ ਅਤੇ ਮਨੁੱਖੀ ਏਕਤਾ ਦਾ ਪ੍ਰਤੀਕ ਬਣਾਇਆ ਸੀ। 15 ਦਿਨਾਂ ਦੀ ਭਗਤੀ ਦੀ ਮਿਆਦ ਦੌਰਾਨ, ਸਿੱਖ ਸ਼ਰਧਾਲੂ, ਸਿੰਧੀਆਂ ਅਤੇ ਹੋਰ ਭਾਈਚਾਰਿਆਂ ਦੇ ਨਾਲ, ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਅਤੇ ਅਧਿਆਤਮਿਕ ਅਭਿਆਸਾਂ ਵਿੱਚ ਲੀਨ ਰਹਿਣਗੇ। ÷ਪ੍ਰਭਾਤ ਫੇਰੀ÷ ਦਾ ਸ਼ਾਬਦਿਕ ਅਰਥ ਹੈ ਸਵੇਰ ਵੇਲੇ ਵਿਸ਼ਵਾਸ ਦੀ ਯਾਤਰਾ। ਇਹ ਫੇਰੀ ਸਿਰਫ਼ ਇੱਕ ਸੈਰ ਨਹੀਂ ਹੈ, ਸਗੋਂ ਸੰਗਤ (ਸੰਗਤ) ਦੇ ਰੂਪ ਵਿੱਚ ਸ਼ਰਧਾ ਦਾ ਪ੍ਰਸਾਰ ਹੈ। ਜਿਵੇਂ ਕਿ ਸ਼ਰਧਾਲੂ ਸੂਰਜ ਚੜ੍ਹਨ ਤੋਂ ਪਹਿਲਾਂ ਦੀ ਚੁੱਪ ਵਿੱਚ ਗਲੀਆਂ, ਚੌਕਾਂ ਅਤੇ ਸੜਕਾਂ ਵਿੱਚੋਂ ਲੰਘਦੇ ਹਨ, ÷ਵਾਹੇ ਗੁਰੂ, ਸਤਿ ਨਾਮ, ਧੰਨ ਗੁਰੂ ਨਾਨਕ ਸਾਰਾ ਜਗ ਤਾਰੀ÷ (ਗੁਰੂ ਦਾ ਪੁੱਤਰ) ਦਾ ਜਾਪ ਕਰਦੇ ਹਨ, ਵਾਤਾਵਰਣ ਅਧਿਆਤਮਿਕ ਰੌਸ਼ਨੀ ਨਾਲ ਭਰ ਜਾਂਦਾ ਹੈ।ਪ੍ਰਭਾਤ ਫੇਰੀ ਸਵੈ-ਸ਼ੁੱਧਤਾ ਦਾ ਇੱਕ ਸਾਧਨ ਹੈ, ਜੋ ਸਿੱਖ ਧਰਮ ਅਤੇ ਹੋਰ ਧਰਮਾਂ ਦੀ ਭਾਵਨਾ ਨੂੰ ਮੂਰਤੀਮਾਨ ਕਰਦੀ ਹੈ: ÷ਨਾਮ ਜਪੋ, ਕਿਰਤ ਕਰੋ, ਵੰਡ ਛਕੋ,÷ ਭਾਵ ÷ਰੱਬ ਨੂੰ ਯਾਦ ਰੱਖੋ, ਇਮਾਨਦਾਰੀ ਨਾਲ ਕੰਮ ਕਰੋ, ਅਤੇ ਸਾਰਿਆਂ ਨਾਲ ਸਾਂਝਾ ਕਰੋ।÷ ਇਸ ਲਗਭਗ 14 ਦਿਨਾਂ ਦੀ ਧਾਰਮਿਕ ਯਾਤਰਾ ਨੂੰ ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਦਾ ਸਭ ਤੋਂ ਪਵਿੱਤਰ ਪੜਾਅ ਮੰਨਿਆ ਜਾਂਦਾ ਹੈ। ਭਾਰਤ ਵਿੱਚ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਆਨੰਦਪੁਰ ਸਾਹਿਬ, ਦਿੱਲੀ, ਨਾਂਦੇੜ ਅਤੇ ਪਟਨਾ ਸਾਹਿਬ ਵਰਗੇ ਗੁਰਦੁਆਰਿਆਂ ਵਿੱਚ ਪ੍ਰਭਾਤ ਫੇਰੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਹਾਲਾਂਕਿ, ਇਹ ਪਰੰਪਰਾ ਹੁਣ ਸਿੱਖ ਭਾਈਚਾਰਿਆਂ ਤੱਕ ਸੀਮਤ ਨਹੀਂ ਹੈ। ਕੈਨੇਡਾ, ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਆਸਟ ?ਰੇਲੀਆ, ਮਲੇਸ਼ੀਆ, ਸਿੰਗਾਪੁਰ ਅਤੇ ਦੁਬਈ ਵਰਗੇ ਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੀ ਇਸਨੂੰ ਬਹੁਤ ਸ਼ਰਧਾ ਨਾਲ ਮਨਾਉਂਦੇ ਹਨ।ਪ੍ਰਭਾਤ ਫੇਰੀਆਂ ਦੇ ਜਲੂਸ ਲੰਡਨ ਦੇ ਸਾਊਥਾਲ, ਵੈਨਕੂਵਰ, ਮੈਲਬੌਰਨ, ਟੋਰਾਂਟੋ ਅਤੇ ਕੈਲੀਫੋਰਨੀਆ ਦੇ ਗੁਰਦੁਆਰਿਆਂ ਤੋਂ ਨਿਕਲਦੇ ਹਨ, ਜੋ ਨਾ ਸਿਰਫ਼ ਭਾਰਤੀ ਮੂਲ ਦੇ ਲੋਕਾਂ ਨੂੰ, ਸਗੋਂ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਦੇ ਲੋਕਾਂ ਨੂੰ ਵੀ ਆਕਰਸ਼ਿਤ ਕਰਦੇ ਹਨ। ਇਹ ਤਿਉਹਾਰ ÷ਆਤਮਿਕ ਊਰਜਾ ਦੀ ਗਲੋਬਲ ਏਕਤਾ÷ ਦਾ ਪ੍ਰਤੀਕ ਬਣ ਗਿਆ ਹੈ। ਦੋਸਤੋ, ਜੇਕਰ ਅਸੀਂ ਪ੍ਰਭਾਤ ਫੇਰੀ ਦੀ ਇਤਿਹਾਸਕ ਪਰੰਪਰਾ ਅਤੇ ਵਾਤਾਵਰਣ ਅਤੇ ਸਮਾਜ ਨੂੰ ਇਸਦੇ ਆਧੁਨਿਕ ਸੰਦੇਸ਼ 'ਤੇ ਵਿਚਾਰ ਕਰੀਏ, ਤਾਂ ਗੁਰੂ ਨਾਨਕ ਦੇਵ ਜੀ, ਜਦੋਂ 15ਵੀਂ ਸਦੀ ਵਿੱਚ ਆਪਣੀ ਅਧਿਆਤਮਿਕ ਯਾਤਰਾ ਸ਼ੁਰੂ ਕੀਤੀ ਸੀ, ਤਾਂ ਅਕਸਰ ਸਵੇਰ ਵੇਲੇ ਆਪਣੇ ਚੇਲਿਆਂ ਨਾਲ ਭਗਤੀ ਗੀਤ ਗਾਉਂਦੇ ਸਨ। ਇਹ ਪਰੰਪਰਾ ਬਾਅਦ ਵਿੱਚ ਪ੍ਰਭਾਤ ਫੇਰੀ ਵਜੋਂ ਸਥਾਪਿਤ ਹੋਈ। ਉਨ੍ਹਾਂ ਦੀਆਂ ਸਿੱਖਿਆਵਾਂ ਉਸ ਯੁੱਗ ਦੇ ਸਮਾਜਿਕ ਹਨੇਰੇ ਵਿੱਚ ਰੌਸ਼ਨੀ ਦੀ ਕਿਰਨ ਵਜੋਂ ਫੈਲੀਆਂ।ਗੁਰੂ ਨਾਨਕ ਦੇਵ ਜੀ ਨੇ ਜਾਤੀਵਾਦ, ਅੰਧਵਿਸ਼ਵਾਸ ਅਤੇ ਧਾਰਮਿਕ ਵਿਤਕਰੇ ਵਿਰੁੱਧ ਬੋਲਿਆ ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਅਤੇ ਇਮਾਨਦਾਰੀ ਦੁਆਰਾ ਇੱਕ ਵਿਅਕਤੀ ਨੂੰ ਪਰਿਭਾਸ਼ਿਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰਭਾਤ ਫੇਰੀ ਇਨ੍ਹਾਂ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਦੀ ਹੈ। ਇਹ ਸਿਰਫ਼ ਇੱਕ ਧਾਰਮਿਕ

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਕਿਸ਼ਨ ਸੰਮੁਖਦਾਸ ਭਵਨਾਨੀ,
9226229318

ਰਸਮ ਨਹੀਂ ਹੈ, ਸਗੋਂ ਸਮਾਜਿਕ ਏਕਤਾ ਅਤੇ ਮਨੁੱਖਤਾ ਦੇ ਜਾਗਰਣ ਦਾ ਤਿਉਹਾਰ ਹੈ। ਇਸ ਸਾਲ ਦੀ ਪ੍ਰਭਾਤ ਫੇਰੀ ਦੌਰਾਨ, ਕਈ ਗੁਰਦੁਆਰਿਆਂ ਨੇ ਹਰੀ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ ਹੈ। ਇਸਦਾ ਉਦੇਸ਼ ਕੁਦਰਤ ਦੀ ਰੱਖਿਆ ਕਰਨਾ ਹੈ ਅਤੇ ਨਾਲ ਹੀ ਸ਼ਰਧਾ ਨੂੰ ਉਤਸ਼ਾਹਿਤ ਕਰਨਾ ਹੈ। ਸਿੱਖ ਧਰਮ ਵਿੱਚ ਵਾਤਾਵਰਣ ਸੰਵੇਦਨਸ਼ੀਲਤਾ ਡੂੰਘੀਆਂ ਜੜ੍ਹਾਂ ਰੱਖਦੀ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ÷ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤ।÷ ਇਸ ਸੁਨੇਹੇ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼ਰਧਾਲੂ ਰੁੱਖ ਲਗਾਉਣ, ਪਲਾਸਟਿਕ -ਮੁਕਤ ਸਮਾਗਮਾਂ ਅਤੇ ਸਾਈਕਲ ਪ੍ਰਭਾਤ ਫੇਰੀ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ। ਅੰਮ੍ਰਿਤਸਰ, ਦਿੱਲੀ, ਪਟਨਾ ਸਾਹਿਬ ਅਤੇ ਨਾਂਦੇੜ ਦੇ ਗੁਰਦੁਆਰਿਆਂ ਨੇ ਇਸ ਸਾਲ ÷ਇੱਕ ਪੌਦਾ, ਇੱਕ ਭਗਤ ਮੁਹਿੰਮ÷ ਵੀ ਸ਼ੁਰੂ ਕੀਤੀ ਹੈ।

ਦੋਸਤੋ, ਜੇਕਰ ਅਸੀਂ ਕਾਰਤਿਕ ਪ੍ਰਭਾਤ ਫੇਰੀ ਦੀ ਅੰਤਰਰਾਸ਼ਟਰੀ ਪਹੁੰਚ 'ਤੇ ਵਿਚਾਰ ਕਰੀਏ, ਤਾਂ ਪ੍ਰਭਾਤ ਫੇਰੀ 21ਵੀਂ ਸਦੀ ਵਿੱਚ ਬਹੁਤ ਜ਼ਿਆਦਾ ਵਿਸ਼ਵਵਿਆਪੀ ਹੋ ਗਈ ਹੈ। ਵਿਦੇਸ਼ਾਂ ਵਿੱਚ ਭਾਰਤੀ ਭਾਈਚਾਰੇ ਨੇ ਇਸਨੂੰ ÷ਸਵੇਰ ਦੀ ਭਗਤੀ ਦੇ ਤਿਉਹਾਰ÷ ਵਜੋਂ ਸਥਾਪਿਤ ਕੀਤਾ ਹੈ। ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਵਿੱਚ, ਸਿੱਖ ਭਾਈਚਾਰਾ, ਸਥਾਨਕ ਸਰਕਾਰਾਂ ਦੇ ਸਮਰਥਨ ਨਾਲ, ਸੜਕਾਂ 'ਤੇ ਪ੍ਰਭਾਤ ਫੇਰੀ ਕਰਵਾਉਣ ਲਈ ਵਿਸ਼ੇਸ਼ ਪਰਮਿਟ ਪ੍ਰਾਪਤ ਕਰਦਾ ਹੈ। ਇਸ ਵਿੱਚ ਨਾ ਸਿਰਫ਼ ਧਾਰਮਿਕ ਗੀਤ ਹਨ, ਸਗੋਂ ਅੰਤਰ-ਧਰਮ ਸੰਵਾਦ ਵੀ ਸ਼ਾਮਲ ਹਨ, ਜਿਸ ਵਿੱਚ ਹਿੰਦੂ, ਮੁਸਲਿਮ, ਈਸਾਈ, ਯਹੂਦੀ ਅਤੇ ਬੋਧੀ ਧਰਮਾਂ ਦੇ ਪ੍ਰਤੀਨਿਧ ਸ਼ਾਮਲ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਵਿਸ਼ਵਵਿਆਪੀ ਉਪਦੇਸ਼, ÷ਏਕ ਓਂਕਾਰ ਸਤਿਨਾਮ÷ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਂਦਾ ਹੈ ਕਿ ਸੱਚ ਇੱਕ ਹੈ, ਪਰ ਇਸਨੂੰ ਪ੍ਰਾਪਤ ਕਰਨ ਦੇ ਰਸਤੇ ਬਹੁਤ ਸਾਰੇ ਹਨ।ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਬਹੁਤ ਵਿਸ਼ਾਲ ਸੀ। ਉਨ੍ਹਾਂ ਕਿਹਾ, ÷ਨਾ ਹਿੰਦੂ ਨਾ ਮੁਸਲਮਾਨ,÷ ਭਾਵ ਕਿ ਕਿਸੇ ਵਿਅਕਤੀ ਨੂੰ ਉਸਦੇ ਕੰਮਾਂ ਦੁਆਰਾ ਪਰਖਿਆ ਜਾਣਾ ਚਾਹੀਦਾ ਹੈ, ਨਾ ਕਿ ਉਸਦੇ ਧਰਮ ਦੁਆਰਾ। ਪ੍ਰਭਾਤ ਫੇਰੀ ਇਸ ਵਿਚਾਰਧਾਰਾ ਦਾ ਇੱਕ ਵਿਹਾਰਕ ਪ੍ਰਗਟਾਵਾ ਹੈ। ਜਦੋਂ ਲੋਕ ਇਕੱਠੇ ਤੁਰਦੇ ਹਨ ਅਤੇ ਪ੍ਰਭੂ ਦਾ ਨਾਮ ਜਪਦੇ ਹਨ, ਤਾਂ ਜਾਤ, ਧਰਮ, ਭਾਸ਼ਾ ਅਤੇ ਵਰਗ ਦੇ ਭਿੰਨਤਾਵਾਂ ਅਲੋਪ ਹੋ ਜਾਂਦੀਆਂ ਹਨ। ਇਹ ਇੱਕ ਅਜਿਹਾ ਸਮਾਗਮ ਹੈ ਜੋ ਆਤਮਾ ਅਤੇ ਸਮਾਜ ਦੋਵਾਂ ਨੂੰ ਜੋੜਦਾ ਹੈ। ਇਸ ਵਿੱਚ, ਹਰ ਵਿਅਕਤੀ ਅਨੁਭਵ ਕਰਦਾ ਹੈ ਕਿ ÷ਅਸੀਂ ਸਾਰੇ ਪਰਮਾਤਮਾ ਦੇ ਇੱਕੋ ਪ੍ਰਕਾਸ਼ ਦਾ ਹਿੱਸਾ ਹਾਂ।÷

ਦੋਸਤੋ, ਜੇਕਰ ਅਸੀਂ ਪਵਿੱਤਰ ਪ੍ਰਭਾਤ ਫੇਰੀ, ਗੁਰੂ ਨਾਨਕ ਜਯੰਤੀ, 5 ਨਵੰਬਰ, 2025 ਦੇ ਸਮਾਪਤੀ ਦੇ ਪਵਿੱਤਰ ਪਲ 'ਤੇ ਵਿਚਾਰ ਕਰੀਏ, ਤਾਂ 5 ਨਵੰਬਰ, 2025 ਨੂੰ, ਜਦੋਂ ਗੁਰੂ ਨਾਨਕ ਜਯੰਤੀ ਕਾਰਤਿਕ ਪੂਰਨਿਮਾ ਨੂੰ ਮਨਾਈ ਜਾਵੇਗੀ, ਪ੍ਰਭਾਤ ਫੇਰੀ ਆਪਣੇ ਸਿਖਰ 'ਤੇ ਪਹੁੰਚ ਜਾਵੇਗੀ। ਇਸ ਦਿਨ, ਸਿੱਖ ਗੁਰਦੁਆਰਿਆਂ ਵਿੱਚ ਮਾਹੌਲ ਸ਼ਰਧਾ ਨਾਲ ਭਰ ਜਾਵੇਗਾ, ਅਖੰਡ ਪਾਠ, ਦੀਵਾਨ ਸਜਾਵਟ, ਸ਼ਾਨਦਾਰ ਨਗਰ ਕੀਰਤਨ, ਲੰਗਰ ਸੇਵਾ ਅਤੇ ਦੀਵੇ ਜਗਾਉਣ ਨਾਲ।ਦੇਸ਼ ਭਰ ਦੇ ਗੁਰਦੁਆਰਿਆਂ ਵਿੱਚ ÷ਸ਼ਬਦ ਕੀਰਤਨ÷ ਰਾਤ ਭਰ ਗੂੰਜਦਾ ਰਹੇਗਾ।ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ, ਨਾਂਦੇੜ ਦੇ ਹਜ਼ੂਰ ਸਾਹਿਬ, ਪਟਨਾ ਸਾਹਿਬ, ਦਿੱਲੀ ਦੇ ਬੰਗਲਾ ਸਾਹਿਬ ਅਤੇ ਪਾਕਿਸਤਾਨ ਦੇ ਕਰਤਾਰਪੁਰ ਸਾਹਿਬ ਵਿਖੇ ਲੱਖਾਂ ਸ਼ਰਧਾਲੂ ਇਕੱਠੇ ÷ਵਾਹ ਗੁਰੂ÷ ਦਾ ਨਾਮ ਜਪਣਗੇ। ਇਹ ਤਮਾਸ਼ਾ ਸਿਰਫ਼ ਇੱਕ ਧਾਰਮਿਕ ਨਹੀਂ ਹੋਵੇਗਾ, ਸਗੋਂ ਮਨੁੱਖਤਾ ਦੀ ਏਕਤਾ ਦਾ ਜਸ਼ਨ ਹੋਵੇਗਾ।

ਦੋਸਤੋ, ਜੇਕਰ ਅਸੀਂ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਪਵਿੱਤਰ ਪ੍ਰਭਾਤ ਫੇਰੀ ਦੀ ਪ੍ਰੇਰਨਾਦਾਇਕ ਸ਼ਕਤੀ ਦੀ ਗੱਲ ਕਰੀਏ, ਤਾਂ ਅੱਜ ਦੇ ਯੁੱਗ ਵਿੱਚ, ਜਦੋਂ ਦੁਨੀਆਂ ਭੌਤਿਕਵਾਦ ਅਤੇ ਮੁਕਾਬਲੇ ਦੇ ਜਾਲ ਵਿੱਚ ਫਸੀ ਹੋਈ ਹੈ, ਪ੍ਰਭਾਤ ਫੇਰੀ ਨੌਜਵਾਨਾਂ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੀ ਹੈ। ਇਹ ਉਨ੍ਹਾਂ ਨੂੰ ਸਿਖਾਉਂਦੀ ਹੈ ਕਿ ਸਫਲਤਾ ਦਾ ਅਰਥ ਸਿਰਫ਼ ਦੌਲਤ ਨਹੀਂ ਹੈ, ਸਗੋਂ ਸਵੈ-ਸੰਤੁਸ਼ਟੀ ਅਤੇ ਸੇਵਾ ਦੀ ਭਾਵਨਾ ਵੀ ਹੈ। ਇਸ ਸਮੇਂ ਦੌਰਾਨ ਬਹੁਤ ਸਾਰੇ ਸਕੂਲ ਅਤੇ ਕਾਲਜ ਗੁਰੂ ਨਾਨਕ ਅਧਿਐਨ ਹਫ਼ਤੇ ਆਯੋਜਿਤ ਕਰਦੇ ਹਨ, ਜਿੱਥੇ ਵਿਦਿਆਰਥੀ ਉਨ੍ਹਾਂ ਦੇ ਜੀਵਨ, ਯਾਤਰਾਵਾਂ (ਉਦਾਸੀ) ਅਤੇ ਸਿੱਖਿਆਵਾਂ ਦਾ ਅਧਿਐਨ ਕਰਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਕਾਰਤਿਕ ਪ੍ਰਭਾਤ ਫੇਰੀ 2025 ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਮਨੁੱਖਤਾ, ਏਕਤਾ ਅਤੇ ਅਧਿਆਤਮਿਕਤਾ ਦੀ ਵਿਸ਼ਵ ਯਾਤਰਾ ਹੈ।23 ਅਕਤੂਬਰ ਤੋਂ 5 ਨਵੰਬਰ ਤੱਕ ਦਾ ਇਹ ਸਮਾਂ ਹਰ ਦਿਲ ਨੂੰ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਨਾਲ ਭਰ ਦੇਵੇਗਾ, ÷ਨਾਮ ਜਪੋ ਕਿਰਤ ਕਰੋ, ਵੰਡ ਛਕੋ।÷ ਇਹ ਪੰਦਰਾਂ ਦਿਨਾਂ ਦੀ ਯਾਤਰਾ ਸਿਰਫ਼ ਸੜਕਾਂ 'ਤੇ ਨਹੀਂ, ਸਗੋਂ ਆਤਮਾ ਦੇ ਅੰਦਰ ਕੀਤੀ ਜਾਂਦੀ ਹੈ। ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਤ ਫੇਰੀ ਮਨੁੱਖਤਾ ਦੇ ਦਿਲਾਂ ਵਿੱਚ ਰੋਸ਼ਨੀ ਜਗਾਉਂਦੀ ਹੈ, ਇੱਕ ਅਜਿਹੀ ਰੋਸ਼ਨੀ ਜੋ ਸੀਮਾਵਾਂ ਤੋਂ ਪਾਰ ਜਾਂਦੀ ਹੈ, ਜੋ ਸਾਰਿਆਂ ਨੂੰ ਜੋੜਦੀ ਹੈ, ਅਤੇ ਜੋ ਕਹਿੰਦੀ ਹੈ, ÷ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।÷ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸਾਨੂੰ ਦੁਬਾਰਾ ਯਾਦ ਦਿਵਾਉਂਦੇ ਹਨ: ÷ਸਭ ਵਿੱਚ ਇੱਕ ਹੀ ਰੋਸ਼ਨੀ ਹੈ; ਪਰਮਾਤਮਾ ਦਾ ਪ੍ਰਕਾਸ਼ ਸਾਰਿਆਂ ਵਿੱਚ ਇੱਕੋ ਜਿਹਾ ਹੈ।÷ (ਹਰ ਜੀਵ ਵਿੱਚ ਇੱਕ ਹੀ ਰੋਸ਼ਨੀ ਹੈ; ਪਰਮਾਤਮਾ ਦਾ ਪ੍ਰਕਾਸ਼ ਸਾਰਿਆਂ ਵਿੱਚ ਇੱਕੋ ਜਿਹਾ ਹੈ।)

# ਮਹਿੰਗਾਈ ਨੇ ਵਿਗਾੜਿਆ ਘਰੇਲੂ ਰਸੋਈ ਦਾ ਬਜਟ

ਕਰੋਨਾ ਮਹਾਂਮਾਰੀ ਨੇ ਦੇਸ ਦੇ ਅਰਥਚਾਰੇ ਦੀਆਂ ਚੂਲਾਂ ਹਿਲਾ ਦਿੱਤੀਆ ਹਨ। ਅੱਜ ਫਿਰ ਭਾਰਤ ਦੇਸ ਵਿਚ ਮਹਾਂਮਾਰੀ ਕਾਰਨ ਹਾਹਾਕਾਰ ਮੱਚ ਗਈ ਹੈ ।ਮਹਿੰਗਾਈ ਨੇ ਆਮ ਬੰਦੇ ਦਾ ਲੱਕ ਤੋੜ ਦਿੱਤਾ ਹੈ। ਮਈ ਮਹੀਨੇ ਕਈ ਸੂਬਿਆਂ ਵਿੱਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ ।ਕਰੋਨਾ ਕਾਰਨ ਸਾਰੇ ਕੰਮਕਾਜ ਠੱਪ ਹੋ ਚੁੱਕੇ ਹਨ। ਪਿਛਲੇ ਵਰ੍ਹੇ ਤਾਲਾਬੰਦੀ ਤੋਂ ਬਾਅਦ ਜੇ ਥੋੜੇ ਬਹੁਤ ਕੰਮ ਕਾਜ ਚਲੇ ਵੀ ਸਨ, ਉਥੇ ਦਿਹਾੜੀਦਾਰ ਨੂੰ ਤਿੰਨ ਸੋ ਰੁਪਏ ਦਿਹਾੜੀ ਬੜੀ ਮੁਸੱਕਤ ਨਾਲ ਮਿਲੀ। ਕਾਫੀ ਲੰਮੇ ਸਮੇਂ ਤੋਂ ਖਾਣ-ਪੀਣ ਦੀਆਂ ਚੀਜਾਂ ਆਮ ਲੋਕਾਂ ਲਈ ਚੁਣੌਤੀ ਬਣ ਰਹੀਆਂ ਹਨ। ਮਹਿੰਗਾਈ ਆਸਮਾਨ ਛੂਹ ਰਹੀ ਹੈ। ਫਰਿ ਤਾਲਾਬੰਦੀ ਕਰਨ ਗਰੀਬ ਤਬਕਾ ਪ੍ਰਭਾਵਿਤ ਹੋਇਆ ਹੈ । ਕਿਸੇ ਵੀ ਹਰੀ ਸਬਜੀ ਤੇ ਹੱਥ ਨਹੀਂ ਟਿਕਦਾ। ਫਲ ਫਰੂਟਾਂ ਦੀ ਤਾਂ ਗੱਲ ਹੀ ਨਾ ਕਰੋ ।ਫਰਵਰੀ ਮਹੀਨੇ ਰਸੋਈ ਵਿੱਚ ਵਰਤੇ ਜਾਣ ਵਾਲੇ ਗੈਸ ਸਿਲੰਡਰ ਦੀ ਤਿੰਨ ਵਾਰ

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੰਜੀਵ ਸਿੰਘ
ਸੈਣੀ, ਮੋਹਾਲੀ

900 ਤੋਂ ਉਪਰ ਗੈਸ ਸਿਲੰਡਰ ਦੀ ਕੀਮਤ ਹੋ ਗਈ ਹੈ। 20 ਕੁ ਦਿਨ ਪਹਿਲਾਂ ਹੀ ਘਰੇਲੂ ਰਸੋਈ ਵਿੱਚ ਵਰਤੇ ਜਾਣ ਵਾਲੇ ਸਿਲੰਡਰ ਦੀ ਕੀਮਤ ਵਿਚ 25 ਰੁਪਏ ਵਾਧਾ ਹੋਇਆ ਸੀ। ਦੋ ਕੁ ਦਿਨ ਪਹਿਲੇ ਘਰੇਲੂ ਗੈਸ ਸਿਲੰਡਰ ਵਿੱਚ 15 ਰੁਪਏ ਦਾ ਵਾਧਾ ਹੋਇਆ ।ਪੈਟਰੋਲ ਤੇ ਡੀਜਲ ਦਾ ਤਾਂ ਪੁੱਛੋ ਹੀ ਨਾ ।ਤਕਰੀਬਨ ਫਰਵਰੀ ਮਹੀਨੇ 20 ਦਿਨ ਲਗਾਤਾਰ ਕੀਮਤਾਂ ਵਧੀਆਂ ਸਨ। ਅੱਜ ਜਦੋਂ ਫਿਰ ਤਾਲਾਬੰਦੀ ਕੀਤੀ ਗਈ, ਤਾਂ ਮਈ ਮਹੀਨੇ ਤੋਂ ਹੁਣ ਤੱਕ ਲਗਾਤਾਰ 45 ਦਿਨਾਂ ਤੋਂ ਪੈਟਰੋਲ ਤੇ ਡੀਜਲ ਦੀ ਕੀਮਤ ਵਿੱਚ ਵਾਧਾ ਹੋਇਆ। ਤਕਰੀਬਨ ਸਾਰੇ ਹੀ ਸੂਬਿਆਂ ਵਿੱਚ ਸੌ ਰੁਪਏ ਤੋਂ ਉੱਪਰ ਪੈਟਰੋਲ ਵਿਕ ਰਿਹਾ ਹੈ। ਮੈਟਰੋ ਸਹਿਰਾਂ ਵਿੱਚ ਡੀਜਲ ਦੀ ਕੀਮਤ 99.57 ਰੁਪਏ ਪ੍ਰਤੀ ਲੀਟਰ ਹੈ। ਕਈ ਸੂਬਿਆਂ ਵਿੱਚ ਹੁਣ ਪੈਟਰੋਲ 110 ਰੁਪਏ ਤੋਂ ਉੱਪਰ ਹੋ ਚੁੱਕਿਆ ਹੈ ।ਹੈਰਾਨੀ ਵਾਲੀ ਗੱਲ ਹੈ ਕਿ ਜਦੋਂ ਪੰਜ ਸੂਬਿਆਂ ਵਿੱਚ ਚੋਣਾਂ ਸਨ ਤਾਂ ਇੱਕ ਰੁਪਿਆ ਵੀ ਪੈਟਰੋਲ, ਡੀਜਲ ਤੇ ਗੈਸ ਸਿਲੰਡਰ ਦੀ ਕੀਮਤ ਨਹੀਂ ਵਧੀ। ਚੋਣ ਨਤੀਜਿਆਂ ਤੋਂ ਇੱਕ ਦਮ ਬਾਅਦ ਫਿਰ ਪੈਟਰੋਲ ਡੀਜਲ ਮਹਿੰਗਾ ਹੋ ਗਿਆ। ਜਿਸ ਕਰਕੇ ਆਮ ਆਦਮੀ ਦੀ ਜੇਬ ਢਿੱਲੀ ਹੋ ਗਈ ਹੈ ।ਗੁਆਂਢੀ ਦੇਸਾਂ ਵਿਚ ਆਪਣੇ ਦੇਸ ਨਾਲੋਂ ਤੇਲ ਦੀਆਂ ਕੀਮਤਾਂ ਬਹੁਤ ਹੀ ਘੱਟ ਹਨ। ਵੱਧ ਰਹੀਆਂ ਲਗਾਤਾਰ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ 'ਚ ਕਮੀ ਲਈ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਸੀ ਤਾਲਮੇਲ ਕਰਨਾ ਚਾਹੀਦਾ ਹੈ। ਮਹਿੰਗਾਈ ਨੇ ਆਮ ਜਨਤਾ ਦਾ ਬਜਟ ਹਿਲਾ ਦਿੱਤਾ ਹੈ। ਤਾਲਾਬੰਦੀ ਕਰਨ ਲੱਖਾਂ ਹੀ ਲੋਕਾਂ ਦਾ ਰੁਜਗਾਰ ਖੁਸਿਆ ਹੈ। ਆਮ ਜਨਤਾ ਦਾ ਜਿਊਣਾ ਦੁੱਭਰ ਹੋ ਗਿਆ ਹੈ ।ਇੱਕ ਆਮ ਪਰਿਵਾਰ ਲਈ ਢਾਈ ਸੌ ਰੁਪਏ ਦੀ ਸਬਜੀ ਰੋਜਾਨਾ ਆਉਂਦੀ ਹੈ ।ਜੇ ਗਰੀਬ ਸਬਜੀਆਂ ਦਾਲਾਂ ਤੇ ਪੂਰੀ ਦਿਹਾੜੀ ਖਰਚ ਕਰ ਦੇਵੇਗਾ ਤਾਂ ਘਰ ਦੇ ਬਾਕੀ ਖਰਚੇ ਕਿਵੇਂ ਪੂਰੇ ਹੋਣਗੇ ।ਰੋਟੀ ,ਕੱਪੜਾ ਅਤੇ ਮਕਾਨ ਆਮ ਆਦਮੀ ਦੀਆਂ ਅਹਿਮ ਜਰੂਰਤਾਂ ਹਨ ।ਸਰਕਾਰ ਦੀ ਜੰਿਮੇਵਾਰੀ ਵੀ ਬਣਦੀ ਹੈ ਕਿ ਆਮ ਆਦਮੀ ਦੀਆਂ ਲੋੜੀਂਦੀ ਜਰੂਰਤਾਂ ਪੂਰੀਆਂ ਹੋਣ ।ਘਰ ਵਿੱਚ ਬਿਜਲੀ ਦਾ ਖਰਚ ਤੇ ਰਾਸਨ ਵੀ ਚਾਹੀਦਾ ਹੈ। ਸਰੋਂ ਦੇ ਤੇਲ ,ਰਾਜਮਾ, ਵਿੱਚ ਲਗਾਤਾਰ ਕਾਫੀ ਵਾਧਾ ਹੋਇਆ ਹੈ। ਖਾਣ ਪੀਣ ਨੂੰ ਤਾਂ ਸਭ ਦਾ ਹੀ ਦਿਲ ਕਰਦਾ ਹੈ ।ਬਦਕਿਸਮਤ ਜੇ ਘਰ ਵਿੱਚ ਕੋਈ ਬਿਮਾਰੀ ਆ ਜਾਵੇ , ਫਿਰ ਡਾਕਟਰ ਦੀ ਫੀਸ ਕੌਣ ਭਰੇਗਾ। ਅੱਜ ਅਸੀਂ ਦੇਖ ਹੀ ਰਹੇ ਹਨ ਕਿ ਦੇਸ ਵਿੱਚ ਆਕਸੀਜਨ ਦੀ ਕਮੀ ਕਾਰਨ ਕਿੰਨੀ ਕਾਲਾਬਾਜਾਰੀ ਹੋਈ ਹੈ। ਮਹਿੰਗਾਈ ਵਿਚ ਬੀਮਾਰੀ ਦਾ ਖਰਚਾ ਕਿਥੋਂ ਆਵੇਗਾ ? ਬੱਚਿਆਂ ਦੀ ਸਕੂਲ ਦੀ ਫੀਸ ਵੀ ਭਰਨੀ ਹੈ। ਮਹਿੰਗਾਈ ਨੇ ਹਰੇਕ ਵਰਗ ਦਾ ਲੱਕ ਤੋੜ ਦਿੱਤਾ ਹੈ ।ਸਰਕਾਰ ਦਾਵਾ ਕਰ ਰਹੀ ਹੈ ਕਿ ਮਹਿੰਗਾਈ ਤੇ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਲੋਕਾਂ ਨੂੰ ਭਰੋਸਾ ਹੀ ਦੇ ਰਹੀ ਹੈ। ਸਬਜੀਆਂ ਤੇ ਦਾਲਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਪ੍ਰਚੂਨ ਮਹਿੰਗਾਈ ਪਿਛਲੇ 6 ਸਾਲਾਂ ਵਿਚ ਸਭ ਤੋਂ ਵੱਧ ਹੋ ਗਈ ਹੈ। ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੋਚ ਵਿਚਾਰਨਾ ਚਾਹੀਦਾ ਹੈ। ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਕੁਝ ਰਾਹਤ ਮਿਲ ਸਕੇ। ਮਹਿੰਗਾਈ ਘਟਾਉਣ ਲਈ ਸਰਕਾਰਾਂ ਕਾਲਾਬਜਾਰੀਆਂ ਨੂੰ ਵੀ ਨੱਥ ਪਾਉਣ ,ਕਿਉਂਕਿ ਉਹ ਵੀ ਮਹਿੰਗਾਈ ਵਧਾਉਣ ਲਈ ਜੰਿਮੇਵਾਰ ਹਨ।

# ਮੇਰੇ ਬਚਪਨ ਵਾਲੀ ਸਾਂਝੀ ਮਾਈ





ਦੋਸਤੋਂ ਨਰਾਤਿਆਂ ਦੇ ਆਉਣ ਤੋਂ ਕੁੱਝ ਦਿਨ ਪਹਿਲਾ ਪਿੰਡਾਂ ਵਿੱਚ ਬੱਚਿਆਂ ਵਿੱਚ ਖਾਸ ਕਰ ਕਰਕੇ ਕੁੜੀਆਂ ਵਿੱਚ ਸਾਂਝੀ ਮਾਈ ਦੀ ਤਿਆਰੀ ਸੁਰੂ ਹੋ ਜਾਂਦੀ ਹੈ ।ਇਹ ਰੌਣਕ ਕਿਸੇ ਇੱਕ ਦੇ ਘਰ ਜਾਂ ਸਾਂਝੀ ਥਾਂ ਵਿੱਚ ਲੱਗਦੀ ਹੈ ।ਮੈਨੂੰ ਵੀ ਅਸੀਂ ਆਪਣੇ ਬਚਪਨ ਦੀ ਸਾਂਝੀ ਮਾਈ ਯਾਦ ਆ ਗਈ ਹੈ ।ਜਦੋਂ ਅਕਤੂਬਰ ਮਹੀਨਾ ਆਉਣ ਵਾਲਾ ਹੁੰਦਾ ਸੀ ਜਾਂ ਦੁਸਹਿਰੇ ਦੇ ਤਿਉਹਾਰ ਬਾਰੇ ਪਤਾ ਲੱਗ ਜਾਂਦਾ ਸੀ ਤਾਂ ਮਹੀਨਾ ਪਹਿਲਾ ਹੀ ਅਸੀਂ ਸਾਰੇ ਰਲ ਕੇ ਘਰ ਦੇ ਕੋਲੋਂ ਟੋਭੇ ਵਿੱਚੋਂ ਚੀਕਣੀ ਮਿੱਟੀ ਪੁੱਟਣ ਚਲੇ ਜਾਂਦੇ ਸੀ ਉਸ ਸਮੇਂ ਮਿੱਟੀ ਘਰ ਦੇ ਨੇੜੇ ਟੋਭੇ ਦੀ ਪੱਤਣ ‘ਤੇ ਹੀ ਮਿਲਦੀ ਸੀ ।ਸਾਰੇ ਆਂਢ ਗੁਆਂਢ ਦੇ ਬੱਚੇ ਖਾਸਕਰ ਕੁੜੀਆਂ ਸਾਰੀਆਂ ਇਕੱਠੀਆਂ ਹੋਕੇ ਮਿੱਟੀ ਲੈਣ ਚਲੀਆਂ ਜਾਂਦੀਆਂ ।ਇਹ ਸਾਰਾ ਸਮਾਨ ਉਸ ਘਰ ਵਿੱਚ ਰੱਖਿਆਂ ਹੁੰਦਾ ਸੀ ਜਿੰਨਾਂ ਨੇ ਸਾਂਝੀ ਮਾਈ ਦੀ ਸੁੱਖ ਸੁੱਖੀ ਹੁੰਦੀ ਸੀ ।ਚੀਕਣੀ ਮਿੱਟੀ ਨੂੰ ਕੁੱਟ ਕੇ ਛਾਣ ਕੇ ਆਟੇ ਵਾਂਗ ਗੁੰਨ ਲੈਂਦੇ ਸੀ ਤੇ ਫਿਰ ਉਸਦੇ ਤਾਰੇ ਬਣਾਉਂਦੇ ਸੀ ਛੋਟਿਆਂ ਬੱਚਿਆਂ ਨੂੰ ਤਾਰੇ ਨਹੀਂ ਆਉਂਦੇ ਸਨ ਤਾਂ ਉਹਨਾਂ ਨੂੰ ਤਾਰੇ ਧੁੱਪੇ ਸੁੱਕਣੇ ਪਾਉਣ ਦਾ ਕੰਮ ਦਿੱਤਾ ਜਾਂਦਾ ਸੀ ।ਸਕੂਲੋਂ ਆਉਣ ਸਾਰ ਸਾਮ ਦੇ ਚਾਰ ਵਜੇ ਹੀ ਤਾਰੇ ਬਣਾਉਣ ਲੱਗ ਜਾਂਦੇ ਸੀ ।ਸਾਂਝੀ ਮਾਈ ਦੇ ਲਈ ਲੋੜੀਦੇ ਸਮਾਨ ਲਈ ਸਾਰਿਆਂ ਤੋਂ ਥੋੜ੍ਹੇ ਬਹੁਤੇ ਪੈਸੇ ਜਾਂ ਦਾਣੇ ਇਕੱਠੇ ਕੀਤੇ ਜਾਂਦੇ ਸੀ ।ਸਾਰੇ ਜਾਣੇ ਰਲ ਕੇ ਹੀ ਸਾਂਝੀ ਮਾਈ ਤਿਆਰ ਕਰਦੇ ਸੀ ।ਅੱਜ ਵੀ ਓਸੇ ਤਰ੍ਹਾਂ ਹੀ ਸਾਂਝੀ ਮਾਈ ਦੇ ਸਾਰੇ ਅੰਗ ਬਣਾਏ ਜਾਂਦੇ ਹਨ ।ਮੂੰਹ ਉੱਪਰ ਕੋਡੀਆਂ ਜਾ ਕੱਚ ਦੀਆਂ ਗੋਲੀਆਂ ਲਗਾਈਆਂ ਜਾਂਦੀਆਂ ਹਨ ।ਸਾਰੇ ਗਹਿਣੇ ਵੀ ਬਣਾਏ ਜਾਂਦੇ ਹਨ ।ਇਹ ਸਾਰੇ ਅੰਗ ਚੰਦ, ਸੂਰਜ, ਤਾਰੇ ਗਹਿਣੇ ਸੁੱਕ ਜਾਂਦੇ ਹਨ ।ਤਾਂ ਇਹਨਾਂ ਨੂੰ ਕਲੀ ਕੀਤੀ ਜਾਦੀ ਹੈ ।ਪਹਿਲਾ ਨਰਾਤੇ ਵਾਲੇ ਦਿਨ ਘਰ ਦੀ ਇੱਕ ਕੰਧ ਤੇ ਪਹਿਲਾ ਗੋਹਾ ਮਿਟੀ ਥੱਪਿਆ ਜਾਂਦਾ ਹੈ । ਫਿਰ ਉਸ ਉਪਰ ਸਾਂਝੀ ਮਾਈ ਤੇ ਤਾਰੇ ਵੀ ਚਿਪਕਾ ਦਿੱਤੇ ਜਾਂਦੇ ਹਨ ।ਸਾਂਝੀ ਮਾਈ ਉੱਤੇ ਗੋਟੇ ਵਾਲੀ ਲਾਲ ਚੁੰਨੀ ਦਿੱਤੀ ਜਾਂਦੀ ਹੈ ।ਸਾਂਝੀ ਮਾਈ ਦੀ ਪੂਜਾ ਦੁਸਹਿਰੇ ਤੋਂ ਪਹਿਲਾਂ ਨੌਂ ਰਾਤਾਂ (ਨਰਾਤਿਆਂ ) ਦੌਰਾਨ ਕੀਤੀ ਜਾਂਦੀ ਹੈ । ਪੰਜਾਬ ਵਿੱਚ ਸਾਂਝੀ ਮਾਈ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ । ਨਾਲ ਤਾਰਿਆ ਦਾ ਬਰੋਟਾ ਵੀ ਲਾਇਆ ਜਾਂਦਾ ਹੈ ।ਇਸ ਲੋਕ ਦੇਵੀ ਦਾ ਸਬੰਧ ਲੋਕ ਧਰਮ ਨਾਲ ਹੈ ।ਪਹਿਲੇ ਨਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿੱਚ ਜਾਂ ਭੁੰਜੇ ਹੀ ਕਿਆਰੀ ਬਣਾ ਕੇ ਜੌਂ ਬੀਜੇ ਜਾਂਦੇ ਹਨ । ਕੁੜੀਆਂ ਹਰ ਰੋਜ ਸਵੇਰੇ ਪਾਣੀ ਪਾ ਇਸਨੂੰ ਮੱਥਾ ਟੇਕਦੀਆ ਹਨ । ਸਵੇਰੇ ਸਾਂਝੀ ਨੂੰ ਜਗਾਉਂਦੀਆਂ ਹਨ ।ਗੀਤ ਵੀ ਗਾਉਂਦੀਆਂ ਹਨ ।

**ਜਾਗ ਸਾਂਝੀ ਜਾਗ,**
**ਤੇਰੇ ਮੱਥੇ ਲੱਗੇ ਭਾਗ,**
**ਤੇਰੇ ਪੱਟੀਆਂ ਸਿਰ ਸੁਹਾਗ ।**
**ਉੱਠ ਮੇਰੀ ਸਾਂਝੀ ਉੱਠ ਕੇ ਕੂੰਡਾ ਖੋਲ**
**ਕੁੜੀਆਂ ਆਈਆਂ ਤੇਰੇ ਕੋਲ ।**

ਹਰ ਸਾਮ ਕੁੜੀਆਂ ਮੂਰਤੀ ਅੱਗੇ ਦੀਵੇ ਜਗਾਉਦੀਆਂ ਤੇ ਗੀਤ ਗਾਉਦੀਆਂ ਹਨ ।ਆਰਤੀ ਇਸ ਪ੍ਰਕਾਰ ਸੁਰੂ ਕਰਦੀਆਂ ਹਨ ।

**ਪਹਿਲੀ ਆਰਤੀ ਕਰਾ ਕਰਾਰ ।**
**ਜੀਵੇ ਮੰਗ ਵੀਰ ਪਿਆਰ ।**
**ਵੀਰ ਪਿਆਰ ਦੀਆਂ ਅੜੀਆ ।**
**ਸਵਿ ਦੁਆਲੇ ਖੜ੍ਹੀਆ ।**
**ਅਸੀਂ ਹਰਿ ਦਾ ਦਰਸਨ ਪਾਇਆ ।**

ਸਾਂਝੀ ਮਾਈ ਦੀ ਗਹਿਣਿਆਂ ਦੀ ਮੰਗ ਪੂਰੀ ਕਰਨ ਲਈ ਕੁੜੀਆਂ ਵੱਲੋਂ ਰਲ ਕੇ ਇਹ ਗੀਤ ਗਾਇਆ ਜਾਂਦਾ ਹੈ

**ਮੇਰੀ ਸਾਂਝੀ ਤਾਂ ਮੰਗਦੀ**
**ਛੱਜ ਭਰ ਗਹਿਣੇ ?**
**ਕਿੱਥੋਂ ਲਿਆਵਾ ਮੇਰੀ ਸਾਂਝੀ**
**ਮੈਂ ਛੱਜ ਭਰ ਗਹਿਣੇ ?**
**ਵੀਰ ਮੇਰਾ ਸੁਣਿਆਰੇ ਦਾ ਸਾਖੀ**
**ਉਥੇ ਲਿਆਵਾ ਮੈਂ ਛੱਜ ਭਰ ਗਹਿਣੇ ।**
**ਤੂੰ ਲੈ ਮੇਰੀ ਸਾਂਝੀ**
**ਛੱਜ ਭਰ ਗਹਿਣੇ ।**

ਸਾਂਝੀ ਮਾਈ ਦੀ ਪੂਜਾ ਹਰ ਰੋਜ ਸਾਮ ਵਕਤ ਕੀਤੀ ਜਾਂਦੀ ਹੈ । ਦੇਵੀ ਦੀ ਆਰਤੀ ਉਤਾਰਨ ਉਪਰੰਤ ਦੇਵੀ ਨੂੰ ਭੇਟ ਕੀਤਾ ਪੰਜੀਰੀ ਦਾ ਪ੍ਰਸਾਦ ਜਾ ਖਿੱਲਾਂ ਦਾ ਭੋਗ ਸਾਰਿਆਂ ਵਿੱਚ ਵੰਡਿਆ ਜਾਂਦਾ ਹੈ । ਆਰਤੀ ਤੋਂ ਬਾਅਦ ਸਾਰੇ ਬੱਚੇ ਆਟੇ ਦੀ ਸੁੱਕੀ ਪੰਜੀਰੀ ਦੀਆਂ ਮੂੰਹ ਵਿੱਚ ਫੱਕਾ ਮਾਰਦੇ ਭੱਜੇ ਆਉਂਦੇ । ਦੁਸਹਿਰੇ ਵਾਲੇ ਦਿਨ, ਕੁੜੀਆਂ ਸਵੇਰੇ ਤਿੰਨ ਚਾਰ ਵਜੇ ਉੱਠ ਕੇ ਉਸੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਉਤਰ ਕੇ ਗੀਤ ਗਾਉਂਦੀਆਂ ਔਰਤਾਂ ਅਤੇ ਬਚਿਆਂ ਦੇ ਟੋਲਿਆਂ ਵਲੋਂ ਕਿਸੇ ਟੋਭੇ ਜਾਂ ਨਦੀ ਨਾਲੇ ਵਿੱਚ, ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ ।ਚੰਨ ਤੇ ਸੂਰਜ ਨੂੰ ਰੱਖਿਆਂ ਜਾਂਦਾ ਸੀ ਦੀਵਾਲੀ ਤੱਕ ।ਉਸ ਸਮੇਂ ਸਾਂਝੀ ਮਾਈ ਲਈ ਗੀਤ ਗਾਇਆ ਜਾਂਦਾ ਹੈ

**ਨਾ ਰੋਅ ਮੇਰੀਏ ਸਾਂਝੀਏ,**
**ਵਰੇ ਦਿਨਾਂ ਨੂੰ ਫੇਰ ਆਵਾਂਗੇ,**
**ਤੈਨੂੰ ਫੇਰ ਲਿਆਵਾਂਗੇ ।**

ਇਸ ਤੋਂ ਬਾਅਦ ਗੁਰੂ ਘਰ ਮੱਥਾ ਟੇਕ ਕੇ ਫਿਰ ਸਾਰਿਆਂ ਨੂੰ ਭੋਗ ਵੰਡਿਆਂ ਜਾਂਦਾ ਹੈ ।ਅਸੀਂ ਸਾਰੇ ਹੀ ਬੜੇ ਚਾਅ ਨਾਲ ਭੋਗ ਕੋਲੀਆਂ ਵਿੱਚ ਪਵਾ ਕੇ ਖਾਂਦੇ ਸੀ ।ਓਸੇ ਦਿਨ ਹੀ ਕੁੜੀਆਂ ਜੌਂਆਂ ਦੀਆਂ ਹਰੀਆਂ ਲਿਟਾਂ ਭਰਾਵਾਂ ਦੀਆਂ ਪੱਗੜੀਆਂ ਜਾਂ ਕੰਨਾਂ ਉੱਤੇ ਟੰਗਦੀਆਂ ਹਨ ।ਉਸ ਦਿਨ ਗੰਨਾ ਚੂਪਣਾ ਚੰਗਾ ਸਮਝਿਆਂ ਜਾਂਦਾ ਹੈ ।ਦਿਨ ਚੜ੍ਹਨ ‘ਤੇ ਸਾਰੇ ਅਸੀਂ ਫਿਰ ਗੰਨੇ ਚੂਪਦੇ ਤੇ ਦੁਸਹਿਰਾ ਦੇਖਣ ਜਾਂਦੇ ਸੀ ।ਬਚਪਨ ਵਿੱਚ ਇਹ ਸਾਂਝੀ ਮਾਈ ਦੀ ਤਿਆਰੀ ਤੋਂ ਲੈਕੇ ਦੀਵਾਲੀ ਤੱਕ ਇਹ ਦਿਨ ਬੜੇ ਹੀ ਚਾਅ ਮਸਤੀ ਭਰਪੂਰ ਹੁੰਦੇ ਸੀ ।

**ਗਗਨਦੀਪ ਧਾਲੀਵਾਲ ਝਲੂਰ ਬਰਨਾਲਾ ।**

# ਹਰ ਵਾਰ ਪੁਲਿਸ ਵੀ ਗਲਤ ਨਹੀਂ ਹੁੰਦੀ-ਇੱਕ ਕੌੜਾ ਸੱਚ

ਇੱਕ ਵੱਡੇ ਅਖ਼ਬਾਰ ਦੇ ਇਕ ਪੱਤਰਕਾਰ ਦਾ ਪੁੱਤ ਦਲਿਤ ਪਰਿਵਾਰ ਦੀ ਇੱਕ ਨਾਬਾਲਗ ਲੜਕੀ ਨੂੰ ਲੈ ਕੇ ਭੱਜ ਜਾਂਦੈ । ਸਮੇਂ ਦੀ ਸਿਤੰਮਗਰੀਫੀ ਦੇਖੋ, ਬਜਾਏ ਲੜਕੀ ਦੇ ਪਰਿਵਾਰ ਨੂੰ ਇੰਨਸਾਫ ਦਿਵਾਉਣ ਦੇ, ਸਾਰਾ ਜੋਰ ਉਸ ਲੜਕੇ ਖਿਲਾਫ ਰਿਪੋਰਟ ਨਾ ਲਿਖਣ ’ਤੇ ਲਾ ਦਿੱਤਾ ਜਾਂਦੈ । ਆਪਾਂ ਅਕਸਰ ਸੁਣਦੇ ਹਾਂ ਕਿ ਪੁਲਿਸ ਦੇ ਕੰਮ ’ਚ ਬੇਲੋੜੀ ਸਿਆਸਤ ਕਾਰਨ ਪੁਲਿਸ ਨੂੰ ਆਪਣਾ ਕੰਮ ਕਰਨ ’ਚ ਪ੍ਰੇਸ਼ਾਨੀ ਆਉਂਦੀ ਹੈ । ਇੱਕ ਪੀੜਤ ਪਰਿਵਾਰ ਇੰਨਸਾਫ ਲੈਣ ਲਈ ਇਧਰ-ਉਧਰ ਦੌੜ-ਭੱਜ ਕਰਦੈ, ਪੁਲਿਸ ਵੀ ਉਨ੍ਹਾਂ ਦੀ ਮਦਦ ਕਰਨੀ ਚਾਹੁੰਦੀ ਹੈ ਪਰ ਕਦੇ ਕਿਸੇ ਸਿਆਸਤੀ ਬੰਦੇ ਦਾ ਤੇ ਕਦੇ ਕਿਸੇ ਨੇਤਾ ਦਾ ਫੋਨ ਆ ਜਾਂਦੈ ਕਿ ਇਹ ਆਪਣਾ ਬੰਦੈ, ਮਾਮਲਾ ਦਬਾ ਦਵੋ । ਇਸ ਤੋਂ ਇਲਾਵਾ ਅਸਰ ਰਗੂਖ ਰੱਖਣ ਵਾਲੇ ਮੀਡੀਏ ਦੇ ਬੰਦੇ ਵੀ ਪੀੜਤ ਪਰਿਵਾਰ ਦੀ ਮਦਦ ਕਰਨ ਦੇ ਉਲਟ ਮਾਮਲਾ ਦਬਾਉਣ ਲਈ ਪੁਲਿਸ ’ਤੇ ਦਬਾ ਪਾਉਂਦੇ ਹਨ । ਉਹ ਜਿਵੇਂ-ਕਿਵੇਂ ਕਾਮਯਾਬ ਹੋ ਵੀ ਜਾਂਦੇ, ਪਰ ਪੀੜਤ ਪਰਿਵਾਰ ਵਾਲਿਆਂ ਦੀ ਹਿੰਮਤ ਤੇ ਏਕੇ ਕਾਰਨ ਤੀਜੇ-ਚੌਥੇ ਦਿਨ ਜਾ ਕੇ ਪੁਲਿਸ ਵੱਲੋਂ ਲੜਕੇ ਖਿਲਾਫ ਮਾਮਲਾ ਦਰਜ ਕਰ ਲਿਆ ਜਾਂਦੈ । ਇਸ ਤੋਂ ਅੱਗੇ ਦੇਖੋ, ਉਹ ਪੱਤਰਕਾਰ ਆਪਣੇ ਉਚ-ਅਧਿਕਾਰੀਆਂ ਨੂੰ ਸੱਚਾਈ ਦੱਸਣ ਦੀ ਬਜਾਏ ਕਹਿੰਦੇ ਕਿ ਕੁਝ ਦਿਨਾਂ ਤੋਂ ਉਸਦਾ ਲੜਕਾ ਲਾਪਤਾ ਹੈ, ਜਿਸ ਜੇ ਚੱਲਦਿਆਂ ਉਹ ਪ੍ਰੇਸ਼ਾਨੀ ਕਾਰਨ ਕੰਮ ’ਚ ਥੋੜ੍ਹਾ ਘੱਟ ਧਿਆਨ ਦੇ ਪਾ ਰਿਹਾ ਹੈ । ਖੈਰ ਮਾਮਲਾ ਦਰਜ ਹੋਣ ਉਪਰੰਤ ਪੁਲਿਸ ਉਨ੍ਹਾਂ ਦੀ ਭਾਲ ’ਚ ਜੁੱਟ ਜਾਂਦੀ ਹੈ । ਇਸ ਦੌਰਾਨ ਉਹ ਆਪਣੇ ਕਥਿਤ ਦੋਸ਼ੀ ਪੁੱਤਰ ਦੀ ਅਗਾਊਂ ਜਮਾਨਤ ਕਰਵਾਉਣ ਲਈ ਹੱਥ-ਪੱਲੇ ਮਾਰਦਾ ਹੈ । ਇਨ੍ਹਾਂ 5-7 ਦਿਨਾਂ ਤੱਕ ਉਨ੍ਹਾਂ ਸਾਰਿਆਂ ਨੇ ਰਲ ਕੇ ਇਸ ਗੱਲ ਦੀ ਭਾਫ ਨਹੀਂ ਨਿਕਲਣ ਦਿੱਤੀ ਪਰ ਅਜਿਹੀ ਗੱਲ ਕਿਸੇ ਨਾ ਕਿਸੇ ਦਰੀਕੇ ਬਾਹਰ ਤਾਂ ਆ ਹੀ ਜਾਂਦੀ ਹੈ । ਪਰ ਉਸ ਤਰੀਕੇ ਨਾਲ ਲੋਕਾਂ ਸਾਹਮਣੇ ਨਹੀਂ ਆਈ, ਜਿਸ ਤਰੀਕੇ ਕਿਸੇ ਆਮ ਪਰਿਵਾਰ ਜਾਂ ਆਮ ਲੋਕਾਂ ਦੀ ਆਉਂਦੀ ਹੈ । ਭਾਵ ਇੱਕ ਨਾਬਾਲਗ ਲੜਕੀ ਦੀ ਇੱਜਤ ਦੀ ਕਿਸੇ ਨੂੰ ਪਰਵਾਹ ਨਹੀਂ ਸੀ, ਬਸ ਉਹ ਸਾਰੇ ਆਪਣੇ ਸਾਥੀ ਨੂੰ ਬਚਾਉਣ ਲਈ ਪੱਬਾਂ ਭਾਰ ਸਨ । ਸ਼ਾਇਦ ਉਹ ਭੁੱਲ ਗਏ ਹੋਣ ਕਿ ਇਸ ਅੱਗ ਦਾ ਸੇਕ ਕਦੇ ਉਨ੍ਹਾਂ ਦੇ ਘਰ ਤੱਕ ਵੀ ਪਹੁੰਚ ਸਕਦਾ ਹੈ ਤੇ ਰੱਬ ਨਾ ਕਰੇ ਜਦੋਂ ਕਦੇ ਅਜਿਹਾ ਹੋ ਜਾਂਦਾ ਹੈ, ਤਾਂ ਵੀ ਕੀ ਉਹ ਏਦਾਂ ਹੀ ਕਰਨਗੇ ? ਇਹ ਵੀ ਇੱਕ ਸਵਾਲ ਹੈ । ਇਨ੍ਹਾਂ ਦਿਨਾਂ ਦੌਰਾਨ ਉਹ ਸਾਰੇ ਅਖੌਤੀ ਬੰਦੇ ਆਖਰ ਪੀੜਤ ਲੜਕੀ ਦੇ ਪਰਿਵਾਰ ’ਤੇ ਸਮਝੌਤਾ ਕਰਨ ਲਈ ਦਬਾ ਬਣਾਉਣ ’ਚ ਕਾਮਯਾਬ ਹੋ ਜਾਂਦੇ ਹਨ । ਸ਼ਿਕਾਇਤਕਰਤਾ ਤੋਂ ਬਿਆਨ ਦਵਾ ਦਿੱਤਾ ਜਾਂਦਾ ਹੈ ਕਿ ਉਹ ਹੁਣ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ ਚਾਹੁੰਦੇ, ਇਸ ਲਈ ਇਹ ਮਾਮਲਾ ਬੰਦ ਕਰ ਦਿੱਤਾ ਜਾਵੇ । ਉਸ ਲੜਕੀ ਦੀ ਇੱਜਤ ਰੋਲਣ ਵਾਲਾ ਜਦੋਂ ਬਿਨਾ ਸਜ਼ਾ ਪਾਏ ਫੇਰ ਸ਼ਰੇਆਮ ਬਾਜ਼ਾਰਾਂ ’ਚ ਘੁੰਮੇਗਾ, ਤਾਂ ਜਰਾ ਸੋਚ ਕੇ ਦੇਖੋ ਕਿ ਕਿੰਨੀਆਂ ਹੋਰ ਨਾਬਲਗ ਤੇ ਮਾਸੂਮ ਲੜਕੀਆਂ ਉਸ ਦੀ ਹਵਸ ਦਾ ਸ਼ਿਕਾਰ ਬਣਨਗੀਆਂ । ਫੇਰ ਸਿਆਣੇ ਲੋਕ ਕਹਿੰਦੇ ਹਨ ਕਿ ਲੋਕ ਤਾਂ ਕੁੜੀਆਂ ਜੰਮਣ ਤੋਂ ਡਰਦੇ ਹਨ ਤੇ ਭਰੂਣ ਹੱਤਿਆ ਵਰਗੇ ਵਰਤਾਰਿਆਂ ਨੂੰ ਵੀ ਅੰਜਾਮ ਦਿੰਦੇ ਹਨ । ਮੈਂ ਭਰੂਣ ਹੱਤਿਆ ਦਾ ਬਿਲਕੁਲ ਵਿਰੋਧ ਕਰਦਾ ਹੋਇਆ ਕਹਿੰਦਾ ਹਾਂ ਕਿ ਲੋਕ ਅਜਿਹੇ ਸਮਾਜ ਵਿਰੋਧੀ ਅਨਸਰਾਂ ਤੋਂ ਤਾਂ ਡਰਨਗੇ ਹੀ, ਜਿਹੜੀ ਆਪਣੀ ਪਹੁੰਚ, ਸੌੜੀ ਸੋਚ ਤੇ ਨਿੱਜੀ ਸਵਾਰਥਾਂ ਕਾਰਨ ਪੁਲਿਸ ਤੇ ਪ੍ਰਸਾਸ਼ਨ ਨੂੰ ਵੀ ਬੇਵੱਸ ਕਰ ਕੇ ਰੱਖ ਦਿੰਦੇ ਹਨ । ਹੁਣ ਦੱਸੋ ਕਿ ਇਥੇ ਪੁਲਿਸ ਕਿੱਥੇ ਗਲਤ ਹੈ ? ਕਈ ਵਾਰ ਪੁਲਿਸ ਚਾਹ ਕੇ ਵੀ ਕੁਝ ਨਹੀਂ ਕਰ ਸਕਦੀ । ਰੱਬ ਖੈਰ ਕਰੇ ।



**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

# ਲੋਕਾਂ ਨੂੰ ਵੱਧਦੀ ਮਹਿੰਗਾਈ ਮਾਰ ਗਈ

ਇਸ ਵਕਤ ਸਾਰਾ ਕੁੱਝ ਬੇਲਗਾਮ ਹੈ ।ਕੋਈ ਵੀ ਸਿਸਟਮ ਅਨੁਸਾਰ ਨਹੀਂ ਚੱਲ ਰਿਹਾ,ਸਰਕਾਰਾਂ ਲੋਕਾਂ ਦੇ ਹਿੱਤਾਂ ਦੀ ਗੱਲ ਕਰਨੀ ਹੀ ਭੁੱਲ ਗਈਆਂ ਹਨ ।ਇੰਜ ਲੱਗ ਰਿਹਾ ਹੈ,ਜਿਵੇਂ ਸਰਕਾਰਾਂ ਅਸੀਂ ਆਪਣੇ ਲਈ ਮੁਸੀਬਤਾਂ ਸੁਹੇੜਨ ਲਈ ਬਣਾ ਰਹੇ ਹਾਂ । ਜਿਵੇਂ ਦੀ ਹਾਲਤ ਲੋਕਾਂ ਦੀ ਹੋ ਗਈ ਹੈ,ਉਸਨੂੰ ਬਿਆਨ ਕਰਨਾ ਅਤੇ ਲਿਖਣਾ ਵੀ ਔਖਾ ਹੋ ਰਿਹਾ ਹੈ ।ਅੱਜ ਮਹਿੰਗਾਈ ਦੀ ਮਾਰ ਝੱਲਦੇ ਲੋਕਾਂ ਦਾ ਦਰਦ ਕਿਸੇ ਨੂੰ ਵਿਖਾਈ ਨਹੀਂ ਦੇ ਰਿਹਾ । ਸਿਆਣੇ ਕਹਿੰਦੇ ਨੇ “ਝੋਟਾ ਮਰ ਜਾਏ, ਤਾਂ ਚੰਮ ਜੂੰਆਂ ਆਪੇ ਮਰ ਜਾਂਦੀਆਂ ਹਨ ।“ ਇਹੀ ਹਾਲਤ ਇਸ ਵੇਲੇ ਬਣੀ ਹੋਈ ਹੈ ।ਡੀਜ਼ਲ ਪੈਟਰੋਲ ਦਾ ਤੇਲ ਵਧਾ ਦਿਉ,ਬਾਕੀ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਆਪੇ ਵੱਧ ਜਾਣਗੀਆਂ ।ਹਰ ਰੋਜ ਵੱਧਦੀ ਪੈਟਰੋਲ ਡੀਜ਼ਲ ਦੀ ਕੀਮਤ ਨੇ ਲੋਕਾਂ ਨੂੰ ਘਰ ਚਲਾਉਣਾ ਔਖੇ ਕਰ ਦਿੱਤੇ ਹਨ ।ਇਕ ਦਿਨ ਸਮਾਨ ਲੈਕੇ ਆਉ ਅੱਗਲੇ ਦਿਨ ਹੀ ਕੀਮਤਾਂ ਵਧੀਆਂ ਹੁੰਦੀਆਂ ਹਨ ।ਹਰ ਰੋਜ਼ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਲੋਕਾਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰ ਰਿਹਾ ਹੈ ।ਹਕੀਕਤ ਇਹ ਹੈ ਕਿ ਹੁਣ ਨਾ ਕੋਈ ਗੰਢੇ ਨਾਲ ਰੋਟੀ ਖਾ ਸਕਦਾ ਹੈ ਅਤੇ ਨਾ ਦਾਲ ਰੋਟੀ ਹੀ ਖਾਣ ਦੇ ਕਾਬਲ ਰਿਹਾ ਹੈ ।ਗੰਢਿਆਂ ਦੀ ਕੀਮਤ ਵੱਧਦੀ ਜਾ ਰਹੀ ਹੈ ।ਦਾਲਾਂ ਤੇਲ ਤਾਂ ਪਹਿਲਾਂ ਹੀ ਆਸਮਾਨੀ ਚੜ੍ਹੇ ਹੋਏ ਹਨ ।ਬੜੀ ਹੈਰਾਨੀ ਹੁੰਦੀ ਹੈ ਜਦੋਂ ਬੀ ਜੇ ਪੀ ਦੇ ਬੁਲਾਰੇ ਚੈਨਲਾਂ ਤੇ ਬੈਠਕੇ ਕਹਿੰਦੇ ਹਨ ਕਿ ਬਹੁਤ ਸਾਰੀਆਂ ਭਲਾਈ ਸਕੀਮਾਂ ਸਰਕਾਰ ਦੇ ਰਹੀ ਹੈ,ਉਸ ਵਾਸਤੇ ਪੈਸੇ ਚਾਹੀਦੇ ਹਨ । ।ਲੋਕਾਂ ਦੀਆਂ ਥਾਲੀਆਂ ਵਿੱਚੋਂ ਰੋਟੀ ਖੋਹਕੇ,ਕਿਹੜੀਆਂ ਭਲਾਈ ਦੀਆਂ ਸਕੀਮਾਂ ਜ਼ਰੂਰੀ ਹਨ, ਉਹ ਸਮਝੋਂ ਬਾਹਰ ਹੈ । ਉਨਾਂ ਸਰਕਾਰਾਂ ਨੂੰ ਪੂਰੀ ਤਰ੍ਹਾਂ ਫੇਲ ਕਹਿਣ ਵਿੱਚ ਕੋਈ ਗੁਨਾਹ ਨਹੀਂ,ਜੋ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਫੇਲ ਹੋਵੇ ।ਲੋਕਾਂ ਦੀ ਪੈਸੇ ਜਮਾਂ ਕਰਨ ਦੀ ਸਮਰਥਾ ਵੀ ਨਹੀਂ ਰਹੀ ।ਸੋਸ਼ਲ ਸਕਿਉਰਟੀ ਸਾਡੇ ਦੇਸ਼ ਵਿੱਚ ਹੈ ਨਹੀਂ ।ਪੈਨਸ਼ਨਾਂ ਸਰਕਾਰਾਂ ਬੰਦ ਕਰਦੀ ਜਾ ਰਹੀ ਹੈ ।ਬੁਢਾਪੇ ਵਿੱਚ ਲੋਕਾਂ ਨੂੰ ਰੋਟੀ ਦਾ ਫਿਕਰ ਵੀ ਵੱਢ ਵੱਢ ਖਾ ਰਿਹਾ ਹੈ ।ਬੜੀ ਹੈਰਾਨੀ ਅਤੇ ਤਕਲੀਫ਼ ਹੁੰਦੀ ਹੈ ਸਿਆਸਤਦਾਨਾਂ ਵਲੋਂ ਵੱਡੇ ਵੱਡੇ ਬਿਆਨ ਦਿੱਤੇ ਜਾਂਦੇ ਹਨ ਉਹ ਮਹਿੰਗਾਈ ਡੈਮ ਬਾਰੇ ਗੰਭੀਰ ਹੀ ਨਹੀਂ ਹਨ ।ਇਸ ਵਕਤ ਕੁੱਝ ਇਕ ਲੋਕਾਂ ਨੂੰ ਛੱਡਕੇ,ਬਾਕੀ ਸਾਰਿਆਂ ਦੀ ਮਹਿੰਗਾਈ ਨੇ ਕਮਰ ਤੋੜੀ ਹੋਈ ਹੈ ।



**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ ਮੋਬਾਈਲ ਨੰਬਰ**
**9815030221**






ਅੰਮ੍ਰਿਤ ਕੌਰ ( ਬਡਰੁੱਖਾਂ ) ਸੰਗਰੂਰ।
9876714004

ਕਈ ਵਾਰ ਮਾਂ ਦੀ ਫੋਟੋ ਸਾਹਮਣੇ ਆਉਂਦੀ ਤਾਂ ਉਸ ਨੂੰ ਡੋਬ ਜਿਹਾ ਪੈ ਜਾਂਦਾ... ਦੇਖੀ ਨਹੀਂ ਸੀ ਜਾਂਦੀ...' ਮਾਂ ਹੁਣ ਤੂੰ ਕਦੇ ਨਹੀਂ ਮਿਲਣਾ 'ਇਹ ਸੋਚ ਕੇ ਹੌਲ ਜਿਹੇ ਪੈਣ ਲੱਗਦੇ ।ਅੰਦਰੋਂ ਖਾਲੀ ਖਾਲੀ ਜਿਹਾ ਲੱਗਣ ਲੱਗ ਪੈਂਦਾ ਜਿਵੇਂ ਕਿਸੇ ਨੇ ਰੁੱਗ ਭਰ ਕੇ ਕੁੱਝ ਕੱਢ ਲਿਆ ਹੋਵੇ। ਸੋਚਾਂ ਦੇ ਵਹਿਣਾਂ ਵਿੱਚ ਗੁਆਚ ਜਾਂਦੀ ਜਦੋਂ ਨਿੱਕੇ ਨਿੱਕੇ ਹੁੰਦੇ ਬਿਮਾਰ ਹੋ ਜਾਂਦੇ ਤਾਂ ਮਾਂ ਨੇ ਝੋਲ਼ੀ ਵਿੱਚ ਪਾ ਲੈਣਾ ਹੌਲੀ ਹੌਲੀ ਸਿਰ ਦੱਬਦੇ ਰਹਿਣਾ। ਜਦੋਂ ਵੀ ਉਹ ਬਿਮਾਰ ਹੁੰਦੀ ਤਾਂ ਸਿਰ ਜਰੂਰ ਦੁੱਖਦਾ ਸੀ। ਪਿੰਡ ਦੀ ਕੋਈ ਸਿਆਣੀ ਬਜ਼ੁਰਗ ਔਰਤ ਮਾਂ ਨੂੰ ਮੰਗਲਵਾਰ ਵਾਲੇ ਦਿਨ ਮੰਨੀ (ਮੋਟੀ ਮਿੱਠੀ ਰੋਟੀ) ਲਾਉਣ ਨੂੰ ਆਖ ਦਿੰਦੀ। ਮਾਂ ਮੰਗਲਵਾਰ ਨੂੰ ਮੰਨੀ ਲਾ ਦਿੰਦੀ।ਅੱਗ ਤੇ ਘਿਉ ਪਾ ਕੇ ਮੱਥਾ ਟੇਕ ਕੇ ਸਾਰਿਆਂ ਨੂੰ ਵੰਡ ਦਿੰਦੀ। ਕਹਿੰਦੇ ਸਿਰ ਦੁਖਣੋਂ ਹਟ ਜਾਂਦਾ। ਪਰ ਉਸ ਦਾ ਸਿਰ ਤਾਂ ਹੁਣ ਵੀ ਦੁਖਦਾ ਸੀ। ਫਰਕ ਸਿਰਫ਼ ਐਨਾ ਸੀ ਕਿ ਹੁਣ ਕਿਸੇ ਪੋਲਾ ਪੋਲਾ ਦੱਬਿਆ ਨਹੀਂ। ਹਾਂ, ਪਾਣੀ ਦਾ ਗਲਾਸ ਤੇ ਸਿਰ ਦਰਦ ਦੀ ਗੋਲੀ ਜਰੂਰ ਮਿਲ ਜਾਂਦੀ ਐ। ਸਿਰ ਹਟੇ ਨਾ ਹਟੇ ਉੱਠ ਕੇ ਕੰਮ ਜਰੂਰ ਕਰਨੇ ਹੁੰਦੇ ਨੇ।

ਬਸ ਇਹੀ ਤਾਂ ਸਮਾਂ ਹੁੰਦਾ ਮਾਂ ਨਾਲ ਮਿਲਣ ਦਾ... ਗੱਲਾਂ ਕਰਨ ਦਾ... ਜਦੋਂ ਸਿਰ ਦੁਖਦਾ। ਅੱਜ ਵੀ ਉਸ ਦਾ ਸਿਰ ਦਰਦ ਕਰ ਰਿਹਾ ਸੀ। ਮਾਂ ਨਾਲ ਗੱਲਾਂ ਬਾਤਾਂ ਫਿਰ ਸ਼ੁਰੂ ਹੋ ਗਈਆਂ। 'ਮਾਂ! ਤੈਨੂੰ ਪਤਾ ਜਿੱਦਣ ਤੂੰ ਮੁੱਕੀ ਸੀ। ਮੈਨੂੰ ਛੋਟੀ ਦਾ ਫੋਨ ਆਇਆ ਸੀ ਕਿ ਮਾਂ ਬਹੁਤ ਬਿਮਾਰ ਐ ਤੁਹਾਡੇ ਸ਼ਹਿਰ ਲੈ ਕੇ ਆ ਰਹੇ ਨੇ। ਮੂਹਰੇ ਆ ਜਾਣਾ। ਮੀਂਹ ਹਨੇਰੀ ਵੀ ਬਹੁਤ ਸੀ। ਬੀ ਜੀ ਸਾਡੇ ਰਾਤ ਨੂੰ ਕਿਧਰੇ ਜਾਣ ਨਹੀਂ ਦਿੰਦੇ ਆਪਣੇ ਪੁੱਤ ਨੂੰ....। ਤੈਨੂੰ ਤਾਂ ਪਤੈ ਮੈਂ ਤੇਰੇ ਘਰ ਹੀ ਸ਼ਰਾਰਤਾਂ ਕੀਤੀਆਂ... ਜਦੋਂ ਇੱਥੋਂ ਤੁਰ ਗਈ..... ਨਾ ਸ਼ਰਾਰਤਾਂ ਸੁੱਝੀਆਂ, ਨਾ ਕਿਤੇ ਆਪਣੀ ਗੱਲ ਮੰਨਵਾਉਣ ਦੀ ਜ਼ਿੱਦ ਕੀਤੀ। ਬੀ ਜੀ ਨੂੰ ਕਹਿਣ ਦੀ ਹਿੰਮਤ 'ਕੱਠੀ ਕਰ ਰਹੀ ਸੀ ਅਜੇ। ਫਿਰ ਸੋਚਿਆ ਪੁੱਛ ਲਵਾਂ ਕਿਹੜੇ ਹਸਪਤਾਲ ਆਉਣਾ ਤੁਸੀਂ। ਮੈਂ ਛੋਟੀ ਨੂੰ ਫੋਨ ਲਾਇਆ ਭਾ ਜੀ ਨੇ ਚੁੱਕਿਆ । ਉਹਨਾਂ ਆਖਿਆ, " ਮਾਂ ਨੂੰ ਵਾਪਸ ਘਰ ਲੈ ਗਏ।"
"ਕਿਉਂ ? ਐਨੀ ਛੇਤੀ ਕਿਉਂ.... ਰਾਤ ਨੂੰ ਜੇ ਘਰ ਜਾ ਕੇ ਬਾਹਲੇ ਔਖੇ ਹੋ ਗਏ ?" ਮੈਂ ਘਬਰਾ ਕੇ ਕਿਹਾ।
" ਨਾ ਭੈਣੇ ਹੁਣ ਨਹੀਂ ਔਖੇ ਹੁੰਦੇ ....।"ਉਸ ਦੀ ਆਵਾਜ਼ ਦੱਬ ਗਈ ਸੀ ।ਮੈਂ ਸਮਝਦਿਆਂ ਹੋਇਆਂ ਵੀ ਨਾਸਮਝ ਬਣੀ ਹੋਈ ਸੀ ਭੈਣ ਨਾਲ ਗੱਲ ਕਰਾਉਣ ਨੂੰ ਆਖਿਆ ਤਾਂ ਉਸ ਦੀ ਆਵਾਜ ਸੀ 'ਇਹਨੂੰ ਨਾ ਦੱਸ ਦਿਓ ਕਿਤੇ... ਸਵੇਰੇ ਦੱਸ ਦੇਣਾ । ਰਾਤ ਕਿਵੇਂ ਲੰਘੂ ਇਹਦੀ।' ਐਨੀ ਅਣਜਾਣ ਤਾਂ ਨਹੀਂ ਸੀ ਸਮਝ ਗਈ ਕਿ ਛਾਂ ਤੁਰ ਗਈ। ਪਰ ਫਿਰ ਵੀ ਲੱਗਿਆ ਇਸ ਤਰ੍ਹਾਂ ਕਿਵੇਂ ਹੋ ਸਕਦੈ ਨਾ ਬਿਮਾਰ ਦਾ ਪਤਾ ਲੱਗਿਆ, ਨਾ ਕਦੇ ਕੋਈ ਤਕਲੀਫ਼ ਸੁਣੀ। ਫਿਰ ਛੋਟੀ ਨੂੰ ਫੋਨ ਲਾ ਲਿਆ ਉਹ ਫਿਰ ਭਾ ਜੀ ਨੇ ਚੁੱਕਿਆ। ਉਹਨਾਂ ਦੀ ਭੁੱਬ ਨਿਕਲ ਗਈ ਉਸ ਨੇ ਕਿਹਾ, "ਭੈਣੇ ਮਾਂ ਨਹੀਂ ਰਹੀ, ਉਹਨੂੰ ਇਸ ਲਈ ਘਰ ਵਾਪਸ ਲੈ ਗਏ।" ਥੋੜ੍ਹਾ ਸਮਾਂ ਤਾਂ ਕੁੱਝ ਨਹੀਂ ਸਮਝ ਆਇਆ। ਫਿਰ ਜਿਵੇਂ ਕਾਲਜੇ ਵਿੱਚ ਡੋਈ ਜਿਹੀ ਫਿਰ ਗਈ ਨਾੜੂਏ ਦੀ ਸਾਂਝ ਜੁ ਸੀ ਤੇਰੇ ਨਾਲ। ਸਾਰੇ ਸਰੀਰ ਦਾ ਸਤ ਜਿਹਾ ਨਿਕਲ ਗਿਆ। ਮੈਨੂੰ ਲੱਗਿਆ ਜਿਵੇਂ ਤੂੰ ਮੇਰੇ ਸਾਰੇ ਅੰਗਾਂ ਵਿੱਚ ਵਸਦੀ ਸੀ ਹੱਥ, ਪੈਰ, ਅੱਖਾਂ, ਦਿਲ, ਦਿਮਾਗ ਸਭ ਕਿਤੇ। ਤਾਂ ਹੀ ਜਦੋਂ ਜਹਾਨੋਂ ਚਲੀ ਗਈ ਹੱਥਾਂ ਪੈਰਾਂ ਦੀ ਜਾਨ ਨਿਕਲ ਗਈ ਸੀ ਦਿਲ ਖਾਲੀ ਜਿਹਾ ਹੋ ਗਿਆ ਤੇ ਦਿਮਾਗ ਸੁੰਨ। ਸਰੀਰ ਬੇਜਾਨ ਜਿਹਾ ਹੋ ਗਿਆ। ਤੈਨੂੰ ਇੱਕ ਗੱਲ ਹੋਰ ਦੱਸਾਂ ਉਸ ਦਿਨ ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਤੇਰਾ ਜੁਆਈ ਮੇਰਾ ਕਿੰਨਾ ਫ਼ਿਕਰ ਕਰਦਾ। ਅੱਗੇ ਤਾਂ ਇਹੀ ਲੱਗਦਾ ਹੁੰਦਾ ਸੀ ਕਿ ਰੁੱਖਾ ਜਿਹਾ ਬੰਦਾ ਇਹਨੂੰ ਮੇਰੀ ਫਿਕਰ ਤਾਂ ਕਦੇ ਵੀ ਨਹੀਂ ਹੋ ਸਕਦੀ। ਪਰ ਉਸ ਰਾਤ ਮੈਂ ਸਾਰੀ ਰਾਤ ਤੁਰੀ ਰਹੀ ਤੇ ਸੁੱਤਾ ਉਹ ਵੀ ਨਹੀਂ ਮੈਂ ਰਾਤ ਨੂੰ ਬਾਰਾਂ ਕੁ ਵਜੇ ਛੱਤ ਤੇ ਚਲੀ ਗਈ।ਮੇਰਾ ਦਿਲ ਕਰਦਾ ਸੀ ਤੇਰੇ ਨਿਰਜਿੰਦ ਸਰੀਰ ਨੂੰ ਦੇਖਣ ਤੋਂ ਪਹਿਲਾਂ ਮੈਂ ਕਿਤੇ ਅਸਮਾਨ ਵਿੱਚ ਗੁਆਚ ਜਾਵਾਂ। ਬਥੇਰਾ ਅੱਖਾਂ ਬੰਦ ਕਰਕੇ ਸੋਚਾਂ ਕਿ ਅਸਮਾਨੀ ਉਡਾਰੀ ਲੱਗ ਜਾਵੇ ਪਰ ਫਿਰ ਅਜਿਹਾ ਕੁਝ ਨਹੀਂ ਹੋਇਆ। ਮੈਂ ਹੇਠਾਂ ਆਈ ਤਾਂ ਉਹ ਪੌੜੀਆਂ ਵਿੱਚ ਖੜ੍ਹਾ ਸੀ।

ਸਾਰੀ ਰਾਤ ਤੇਰੀ ਇੱਕੋ ਗੱਲ ਯਾਦ ਆਉਂਦੀ ਰਹੀ, "ਤੇਰਾ ਪੁੱਤ ਕਦੇ ਨੀ ਜੀਅ ਕਰਦਾ ਪਿੰਡ ਆਉਣ ਨੂੰ।" ਉਦੋਂ ਮੈਂ ਹੱਸ ਕੇ ਤੈਨੂੰ 'ਨਾਂਹ' ਆਖ ਦਿਆ ਕਰਦੀ ਸੀ। ਪਰ ਕੀਹਦਾ ਨਹੀਂ ਜੀਅ ਕਰਦਾ ਹੁੰਦਾ ਪੇਕੇ ਜਾਣ ਨੂੰ। ਕੀਹਦਾ ਨਹੀਂ ਜੀਅ ਕਰਦਾ ਹੁੰਦਾ ਪੱਕੀ ਪਕਾਈ ਰੋਟੀ ਖਾਣ ਨੂੰ ਜਦੋਂ ਕੋਈ ਥਾਲੀ ਵਿੱਚ ਪਾ ਕੇ ਪਿਆਰ ਨਾਲ ਫੜਾਵੇ। ਪਰ ਮਾਂ ਘਰ ਵਿੱਚ ਬਣੀਆਂ ਕੰਧਾਂ ਦੇਖਣੀਆਂ ਔਖੀਆਂ ਹੁੰਦੀਆਂ ਨੇ ਧੀਆਂ ਲਈ। ਭਰਾ ਭਾਵੇਂ ਗਰੀਬ ਹੋਵੇ ਭਾਵੇਂ ਅਮੀਰ ਭੈਣਾਂ ਨੂੰ ਸਭ ਪਿਆਰੇ ਹੁੰਦੇ ਨੇ। ਤੈਨੂੰ ਸੱਚ ਦੱਸਾਂ ਇੱਕ ਸਭ ਤੋਂ ਵੱਡਾ ਕਾਰਨ ਹੋਰ ਵੀ ਸੀ ਪਿੰਡ ਨਾ ਆਉਣ ਦਾ। ਸਾਡੇ ਬੀ ਜੀ ਨੂੰ ਮਾੜੀ ਮੋਟੀ ਢਿੱਲ ਮੱਠ ਤਾਂ ਰਹਿੰਦੀ ਐ ਹਮੇਸ਼ਾ। ਜੇ ਮੈਂ ਉਹਨਾਂ ਨੂੰ ਛੱਡ ਕੇ ਆਉਂਦੀ ਉਹ ਵਹਿਮ ਕਰਦੇ ਨੇ ਕਿ ਮੈਂ ਉਹਨਾਂ ਦਾ ਖਿਆਲ ਨਹੀਂ ਰੱਖਦੀ। ਬੱਸ ਇਹੀ ਗੱਲ ਮੈਨੂੰ ਘਰੋਂ ਨਿਕਲਣ ਨਹੀਂ ਸੀ ਦਿੰਦੀ।

ਜਦੋਂ ਤੂੰ ਲਾਸ਼ ਬਣੀ ਪਈ ਸੀ ਮੈਂ ਤੇਰਾ ਹੱਥ ਫੜ ਕੇ ਕਿੰਨੀ ਦੇਰ ਤੇਰੇ ਮੰਜੇ ਨਾਲ ਸਿਰ ਲਾਈ ਬੈਠੀ ਰਹੀ ਕਿਸੇ ਨੇ ਮੇਰੇ ਸਿਰ ਤੇ ਹੱਥ ਨਹੀਂ ਸੀ ਰੱਖਿਆ। ਜਦੋਂ ਬਾਪੂ ਜੀ ਗਏ ਸਨ ਉਦੋਂ ਜੇ ਅਸੀਂ ਰੋਂਦੀਆਂ ਤੂੰ ਸਾਨੂੰ ਆਪਣੀ ਸਹੁੰ ਖਵਾ ਦਿੰਦੀ, ਤੂੰ ਥੋੜ੍ਹਾ ਝਿੜਕ ਕੇ ਆਖਿਆ ਕਰਦੀ, "ਥੋਨੂੰ ਮੇਰੀ ਸਹੁੰ ਲੱਗੇ ਜੇ ਹੁਣ ਰੋਈਆਂ ਤਾਂ।" ਆਖ ਕੇ ਕਾਲਜੇ ਨਾਲ ਘੁੱਟ ਲਿਆ ਕਰਦੀ ਸੀ ਅਤੇ ਅਸੀਂ ਆਪਣੀ ਭੁੱਬ ਨੂੰ ਬੁੱਲ੍ਹਾਂ ਅੰਦਰ ਈ ਘੁੱਟ ਲਿਆ ਕਰਦੀਆਂ ਸੀ। ਪਰ ਹੁਣ ਕਿਸੇ ਨੇ ਸਹੁੰ ਨਹੀਂ ਖਵਾਈ ਅਤੇ ਨਾ ਹੀ ਸੀਨੇ ਨਾਲ ਲਾਇਆ। ਆਪੇ ਰੋਈਆਂ ਤੇ ਆਪੇ ਚੁੱਪ ਕਰ ਗਈਆਂ। ਪਿੰਡ ਵਾਲਿਆਂ ਨੂੰ ਸਾਰਿਆਂ ਨੂੰ ਇਹ ਸੀ ਕਿ ਅਸੀਂ ਪਿੰਡ ਨਹੀਂ ਆਉਂਦੀਆਂ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਤੇਰੇ ਜਿਉਂਦੇ ਹੋਣ ਦਾ ਅਹਿਸਾਸ ਹੀ ਸਾਨੂੰ ਚੁੱਕੀ ਫਿਰਦਾ ਸੀ। ਭਾਵੇਂ ਕਿੰਨੀ ਮਰਜ਼ੀ ਦੂਰ ਸੀ ਅੰਦਰੋਂ ਜੁੜੇ ਸੀ। ਉਹਨਾਂ ਭਾਣੇ ਪੱਥਰ ਦਿਲ ਧੀਆਂ ਪੇਕੇ ਨਹੀਂ ਆਉਂਦੀਆਂ ਪਰ ਉਹਨਾਂ ਨੂੰ ਕੀ ਪਤਾ ਸੀ ਕਿੰਨੀਆਂ ਮਜਬੂਰੀਆਂ ਹੁੰਦੀਆਂ ਨੇ ਪੇਕੇ ਘੱਟ ਜਾਣ ਵਾਲੀਆਂ ਧੀਆਂ ਦੀਆਂ।

ਯਾਦ ਐ ਤੈਨੂੰ ? ਜਦੋਂ ਰਿਸ਼ਤਾ ਕੀਤਾ ਸੀ ਤਾਂ ਇਹ ਦੇਖ ਕੇ ਕੀਤਾ ਸੀ ਕਿ ਕੁੜੀਆਂ ਵਿਆਹੀਆਂ ਨੇ ਜੇਠ ਜਠਾਣੀ ਅੱਡ ਨੇ ਕੁੜੀ ਰਾਜ ਕਰੂ..... ਮੌਜ ਕਰੂ। ਕਦੇ ਇਹ ਨਹੀਂ ਸੋਚਿਆ ਕਿ ਪਰਿਵਾਰ ਵਿੱਚ ਜੇ ਤੁਹਾਡੀ ਧੀ ਈ ਕੰਮ ਕਰਨ ਵਾਲੀ ਹੋਊ ਤਾਂ ਉਹ ਕਿਵੇਂ ਰਾਜ ਕਰੂ ਕਿਵੇਂ ਮੌਜ ਕਰੂ। ਕੰਮ ਧੰਦੇ ਵੀ ਤਾਂ 'ਕੱਲੀ ਨੂੰ ਹੀ ਕਰਨੇ ਪੈਣਗੇ। ਤੁਹਾਡੇ ਖਿਆਲਾਂ ਵਿੱਚ ਸੋਚਿਆ ਰਾਜ ਤਾਂ ਮੈਨੂੰ ਅਜੇ ਤੱਕ ਪਤਾ ਨਹੀਂ ਲੱਗਿਆ । ਪੇਕੇ ਘੱਟ ਜਾਣ ਦਾ ਕਾਰਨ ਵੀ ਤੁਹਾਡਾ ਰਾਜ ਕਰੂ ਵਾਲਾ ਵਹਿਮ ਈ ਸੀ। ਜੇ ਅਸੀਂ ਇਕੱਠੇ ਹੁੰਦੇ ਤਾਂ ਪਿੱਛੋਂ ਬੀ ਜੀ ਦਾ ਫ਼ਿਕਰ ਨਹੀਂ ਸੀ ਰਿਹਾ ਕਰਨਾ..... ਨਾ ਹੀ ਸੁਣਨਾ ਪੈਣਾ ਸੀ ਕਿ ਬਿਮਾਰ ਨੂੰ ਛੱਡ ਕੇ ਤੁਰ ਜਾਂਦੀ ਐ।

ਇੱਕ ਹੋਰ ਗੱਲ ਆਖਾਂ ਅਸੀਂ ਸ਼ਹਿਰ ਵਿੱਚ ਆ ਗਏ ਤਾਂ ਇੱਥੇ ਵੀ ਕੋਈ ਰੋਂਦੇ ਨੂੰ ਚੁੱਪ ਕਰਾਉਣ ਵਾਲਾ ਨਹੀਂ ਹੁੰਦਾ। ਹਰ ਕੋਈ ਆਪਣੇ ਦੁੱਖ ਅੰਦਰ ਵੜ ਕੇ ਈ ਰੋਂਦੈ ਤੇ ਅੱਖਾਂ ਪੂੰਝ ਕੇ ਬਾਹਰ ਆ ਜਾਂਦਾ। ਪਿੰਡਾਂ ਵਿੱਚ ਹੁੰਦੈ...... ਮੁੱਕ ਚੁੱਕਿਆਂ ਦੇ ਪਰਿਵਾਰ ਵਾਲਿਆਂ ਨੂੰ ਲੋਕ ਧੱਕੇ ਨਾਲ ਰੋਟੀ ਖਵਾਉਂਦੇ ਨੇ ।ਜਦੋਂ ਕੋਈ ਆਪਣਾ ਮੁੱਕ ਜਾਂਦਾ ਕੁੱਝ ਸਮਾਂ ਇਹੋ ਜਿਹਾ ਹੁੰਦਾ ਕਿ ਬੁਰਕੀ ਮੂੰਹ ਵਿੱਚ ਫੁੱਲ ਜਾਂਦੀ ਐ ਖਾਣ ਨੂੰ ਦਿਲ ਨਹੀਂ ਕਰਦਾ ਪਰ ਇਹ ਲੋਕ ਸਹੁੰਆਂ ਖਵਾ ਕੇ ਮਰਨ ਵਾਲੇ ਦੀ ਆਤਮਾ ਨੂੰ ਸ਼ਾਂਤੀ ਦਾ ਵਾਸਤਾ ਦੇ ਕੇ ਓਦਾਂ ਖਵਾਉਂਦੇ ਹੁੰਦੇ ਐ ਜਿਵੇਂ ਪੰਛੀਆਂ ਨੂੰ ਚੋਗਾ ।ਕਹਿੰਦੇ ਨੇ ਖਾਲੀ ਪੇਟ ਰਹਿਣ ਨਾਲ ਗਰਮੀਆਂ ਵਿੱਚ ਅੰਦਰ ਗਰਮੀ ਭਰ ਜਾਂਦੀ ਐ ਅਤੇ ਸਰਦੀਆਂ ਵਿੱਚ ਵੀ ਸਰੀਰ ਤੇ ਬੁਰਾ ਅਸਰ ਹੁੰਦਾ ਐ। ਇਸ ਲਈ ਗਮਗੀਨ ਪਰਿਵਾਰ ਨੂੰ ਥੋੜ੍ਹਾ ਥੋੜ੍ਹਾ ਖਵਾਉਂਦੇ ਅਤੇ ਪਾਣੀ ਪਿਆਉਂਦੇ ਰਹਿਣਾ ਚਾਹੀਦਾ। ਪਰ ਸ਼ਹਿਰਾਂ ਵਿੱਚ ਤਾਂ ਜਦੋਂ ਸਰੀਰ ਕੰਮ ਕਰਨੋਂ ਜਵਾਬ ਦੇਣ ਲੱਗਦਾ ਆਪੇ ਬੰਦੇ ਨੂੰ ਉੱਠ ਕੇ ਕੰਮ ਵੀ ਕਰਨਾ ਪੈਂਦਾ ਹੈ ਤੇ ਖਾਣ ਨੂੰ ਵੀ ਮੰਗਦਾ ਸਰੀਰ। ਦੁਨੀਆਂ ਨੇ ਤਾਂ ਚੱਲਦੇ ਹੀ ਰਹਿਣਾ ਹੁੰਦੈ। ਪਿੰਡ ਤਾਂ ਜਦੋਂ ਸਾਡੇ ਬਾਪੂ ਜੀ (ਸਹੁਰਾ ਸਾਬ੍ਹ) ਮੁੱਕੇ ਸਨ ਤਾਂ ਕਦੋਂ ਸ਼ਰੀਕੇ ਕਬੀਲੇ ਵਾਲਿਆਂ ਨੇ ਆ ਕੇ ਘਰ ਦੇ ਸਾਰੇ ਕੰਮ ਸੰਭਾਲ ਲਏ ਸਨ ਸਾਨੂੰ ਪਤਾ ਵੀ ਨਹੀਂ ਸੀ ਲੱਗਿਆ।

ਤੈਨੂੰ ਪਤੈ..? ਜਿਸ ਦਿਨ ਤੇਰੇ ਫੁੱਲ ਚੁਗਣੇ ਸੀ ਜਦੋਂ ਮੈਂ ਸਵੇਰ ਦੀ ਰੋਟੀ ਬਣਾ ਰਹੀ ਸੀ ਤਾਂ ਮੇਰੀਆਂ ਅੱਖਾਂ ਪਰਲ ਪਰਲ ਵਹਿ ਰਹੀਆਂ ਸਨ। ਅੱਥਰੂ ਰੁਕਣ ਦਾ ਨਾਂ ਨਹੀਂ ਸਨ ਲੈ ਰਹੇ। ਸੋਚ ਰਹੀ ਸੀ ਮਾਂ ਤੂੰ ਤੁਰ ਵੀ ਗਈ ਪਰ ਸਾਨੂੰ ਤੇਰੀਆਂ ਗੱਲਾਂ ਕਰਨ ਦਾ ਵੀ ਵਿਹਲ ਨਹੀਂ। ਆਮ ਕਰਕੇ ਲੋਕ ਕਹਿ ਦਿੰਦੇ ਨੇ ਕਿ ਰਿਸ਼ਤੇਦਾਰੀ ਵਿੱਚ ਜਾਣ ਦੀ ਸਾਨੂੰ ਵਿਹਲ ਨਹੀਂ ਲੱਗਦੀ ਪਰ ਜਦੋਂ ਕੋਈ ਮੁੱਕ ਜਾਂਦੈ ਤਾਂ ਸਾਰੇ ਕੰਮ ਧੰਦੇ ਛੱਡ ਛਡਾ ਕੇ ਦੁਨੀਆਂਦਾਰੀ ਨਿਭਾਉਣ ਤੁਰ ਪੈਨੇ ਆਂ। ਪਰ ਐਨੀ ਹਿੰਮਤ ਨਹੀਂ ਕਰ ਸਕਦੇ ਕਿ ਕੰਮ ਛੱਡ ਕੇ ਕਿਸੇ ਰਿਸ਼ਤੇਦਾਰ ਭੈਣ ਭਾਈ ਨੂੰ ਉਹਦੇ ਜੀਉਂਦੇ ਜੀਅ ਮਿਲਣ ਚਲੇ ਜਾਈਏ।

ਕਦੇ ਕਦੇ ਸੋਚੀਦੈ ਕਿ ਆਲੇ ਦੁਆਲੇ ਵਾਲੇ ਰਿਸ਼ਤਿਆਂ ਨੂੰ ਖੁਸ਼ ਕਰਦੇ ਕਰਦੇ ਆਪਣੇ ਆਪ ਨੂੰ ਖੁਸ਼ ਕਰਨਾ ਭੁੱਲ ਹੀ ਗਏ। ਪਰ ਇੱਕ ਗੱਲ ਐ ਜਿਹੜਾ ਬੰਦਾ ਤੁਹਾਡੀ ਹਰ ਗੱਲ ਦਾ ਮਤਲਬ ਪੁੱਠਾ ਕੱਢਦਾ ਹੋਵੇ ਉਸ ਦੇ ਭਾਵੇਂ ਸਾਰੀ ਉਮਰ ਪੈਰਾਂ ਹੇਠ ਹੱਥ ਦੇ ਕੇ ਰੱਖੋ ਉਹਨੇ ਤਾਂ ਵੀ ਖੁਸ਼ ਨਹੀਂ ਹੋਣਾ ਹੁੰਦਾ। ਬਸ ਮੈਂ ਵੀ ਇਸੇ ਕੋਸ਼ਿਸ਼ ਵਿੱਚ ਪੰਦਰਾਂ ਵੀਹ ਸਾਲ ਲੰਘਾ ਲਏ ਹੁਣ ਐਂ ਲੱਗਦਾ ਢਾਈ ਦਿਨ ਦੀ ਜ਼ਿੰਦਗੀ ਐ ਕਾਹਦੇ ਲਈ ਆਪਣੀ ਮਰਜੀ ਕਰਕੇ ਕਿਸੇ ਦਾ ਦਿਲ ਦੁਖਾਉਣੈ।

ਮਾਂ! ਮੈਨੂੰ ਅੱਜ ਵੀ ਯਾਦ ਐ..... ਇੱਕ ਵਾਰੀ ਆਪਾਂ ਕਿਸੇ ਰਿਸ਼ਤੇਦਾਰੀ ਵਿੱਚ ਵਿਆਹ ਤੇ 'ਕੱਠੇ ਹੋਏ ਸੀ ਸਾਰੇ ਰਿਸ਼ਤੇਦਾਰਾਂ ਦੇਖਿਆ ਕਿ ਸੂਟ ਦਾ ਰੰਗ ਬੜਾ ਫੱਬਦੈ। ਪਰ ਜਦੋਂ ਸਾਰੇ ਇਧਰ ਉਧਰ ਹੋ ਗਏ। ਤੂੰ ਮੇਰੇ ਕੋਲ ਬੈਠ ਕੇ ਪੁੱਛਿਆ ਸੀ, "ਤੂੰ ਠੀਕ ਐਂ ਪੁੱਤ ?" ਮੈਂ ਕਿਹਾ, "ਹਾਂ ਬਿਲਕੁੱਲ ਤੰਦਰੁਸਤ ਆਂ ਮੈਂ।" ਤੂੰ ਫਿਰ ਪੁੱਛਿਆ, "ਬਾਕੀ ਸਾਰਾ ਪਰਿਵਾਰ ਕਿਵੇਂ ਐ ?" ਮੈਂ ਕਿਹਾ, "ਸਭ ਠੀਕ ਨੇ।" ਤੂੰ ਫਿਰ ਪੁੱਛਿਆ, " ਰਾਤ ਨੂੰ ਨੀਂਦ ਆਉਂਦੀ ਕਿ ਨਹੀਂ ? " ਮੈਂ ਕਮਲ਼ਿਆਂ ਦੀ ਤਰ੍ਹਾਂ ਹੱਸਣ ਲੱਗੀ । ਫਿਰ ਤੂੰ ਥੋੜ੍ਹਾ ਗੁੱਸੇ ਨਾਲ ਕਿਹਾ, " ਨਹੀਂ ਦੱਸਣਾ ਨਾ ਦੱਸ ਪੁੱਤ.. ਤੇਰੀਆਂ ਅੱਖਾਂ ਦੱਸ ਰਹੀਆਂ ਨੇ। ਕਾਲੀਆਂ ਹੋਈਆਂ ਪਈਆਂ ਨੇ ਹੇਠੋਂ।" ਸੱਚੀ ਉਹਨਾਂ ਦਿਨਾਂ ਵਿੱਚ ਬਹੁਤ ਸਮੱਸਿਆ ਵਿੱਚ ਸੀ। ਮਾਵਾਂ ਸੱਚੀ ਅੰਤਰਜਾਮੀ ਹੁੰਦੀਆਂ ਨੇ ਜੋ ਦੁਨੀਆਂ ਨਹੀਂ ਦੇਖ ਸਕਦੀ ਉਹ ਵੀ ਦੇਖ ਲੈਂਦੀਆਂ ਨੇ।

ਜਦੋਂ ਅਸੀਂ ਛੋਟੇ ਛੋਟੇ ਹੁੰਦੇ ਸੀ ਤਾਂ ਅਸੀਂ ਸਵੇਰੇ ਅਧ-ਸੁੱਤੇ ਜਿਹੇ ਹੁੰਦੇ ਸੀ, ਤੇਰਾ ਸੁਭਾਅ ਸੀ ਬੋਲ ਕੇ ਪਾਠ ਕਰਨ ਦਾ। ਤੂੰ ਕੰਮ ਧੰਦੇ ਵੀ ਕਰੀ ਜਾਣਾ ਤੇ ਪਾਠ ਵੀ ਕਰੀ ਜਾਣਾ। ਥੋੜ੍ਹਾ ਵੱਡੇ ਹੋਏ ਤਾਂ ਸਾਨੂੰ ਪਤਾ ਲੱਗਿਆ ਕਿ ਤੈਨੂੰ ਮੂੰਹ ਜ਼ੁਬਾਨੀ ਬਾਣੀ ਸਿਖਾਉਣ ਲਈ ਸਾਡੀ ਅੰਬੋ (ਦਾਦੀ) ਨੇ ਗੁਰਦੁਆਰਾ ਸਾਹਿਬ ਵਾਲੇ ਭਾਈ ਜੀ ਨੂੰ ਆਖਿਆ ਸੀ। ਉਹ ਹਰ ਰੋਜ ਤੈਨੂੰ ਇੱਕ ਪਉੜੀ ਜਾਂ ਇੱਕ ਸ਼ਬਦ ਕੰਠ ਕਰਾ ਜਾਂਦੇ ਤੇ ਤੂੰ ਸਾਰਾ ਦਿਨ ਕੰਮ ਧੰਦੇ ਵੀ ਕਰੀ ਜਾਣਾ ਤੇ ਕੰਠ ਵੀ ਕਰ ਲੈਣਾ। ਇਸੇ ਤਰ੍ਹਾਂ ਪੰਜੇ ਬਾਣੀਆਂ ਮੂੰਹ ਜ਼ੁਬਾਨੀ ਯਾਦ ਕਰ ਲਈਆਂ ਸਨ ਜਦੋਂਕਿ ਪੜ੍ਹਨਾ ਨਹੀਂ ਸੀ ਆਉਂਦਾ। ਤੇਰਾ ਬੋਲ ਕੇ ਪਾਠ ਕਰਨ ਦਾ ਬੀਜ ਸਾਡੇ ਅੰਦਰ ਵੀ ਬੀਜਿਆ ਗਿਆ। ਹੁਣ ਕੰਮ ਧੰਦੇ ਕਰਨ ਲੱਗਿਆਂ ਬੋਲ ਕੇ ਪਾਠ ਕਰਦੀ ਆਂ ਤਾਂ ਬੀ ਜੀ ਨੂੰ ਚੰਗਾ ਨਹੀਂ ਲੱਗਦਾ ਕਿਉਂਕਿ ਉਹਨਾਂ ਕਿਸੇ ਡੇਰੇ ਤੋਂ ਕੋਈ ਸ਼ਬਦ ਲਿਆ ਹੋਇਆ ਜਿਸ ਨੂੰ ਉਹ 'ਨਾਮਦਾਨ' ਆਖਦੇ ਨੇ ਅਤੇ ਸਵੇਰੇ ਸਵੇਰੇ ਮੂੰਹ ਸਿਰ ਲਪੇਟ ਕੇ ਆਪਣਾ ਭਜਨ ਕਰਦੇ ਨੇ। ਉਹ ਕਹਿੰਦੇ ਭਜਨ ਪਾਠ ਕਰਨਾ ਮਨ ਵਿੱਚ ਕਰੋ ਬੋਲ ਕੇ ਕਰਨਾ ਡਰਾਮੇਬਾਜ਼ੀ ਹੁੰਦੀ ਐ। ਕਈ ਕਈ ਦਿਨ ਤਾਲੂਏ ਜੀਭ ਲੱਗੀ ਰਹਿੰਦੀ ਐ । ਬੰਦਾ ਚੁੱਪ ਕਰਿਆ ਰਹੇ ਤੇ ਅੰਦਰ ਭਜਨ ਬੰਦਗੀ ਵੀ ਚਲਦੀ ਰਹੇ ਇਹ ਮੇਰੇ ਵਰਗੇ ਬੰਦੇ ਦੇ ਵਸ ਦੀ ਗੱਲ ਕਿੱਥੇ ਐ ? ਬੜੀ ਤਕਲੀਫ਼ ਜਿਹੀ ਹੁੰਦੀ ਐ ਕਿ ਆਪਣੇ ਹੀ ਘਰ ਵਿੱਚ ਐਨੀ ਕੁ ਅਜ਼ਾਦੀ ਵੀ ਨਹੀਂ। ਮੈਂ ਕਿਹੜਾ ਬਹੁਤਾ ਉੱਚੀ ਬੋਲ ਕੇ ਕਰਦੀ ਹੁੰਦੀ ਆਂ। ਬਸ ਐਨਾ ਕੁ ਹੁੰਦੈ ਕਿ ਮੇਰੇ ਕੰਨਾਂ ਨੂੰ ਸੁਣੇ। ਚਲੋ ਇਹ ਸਮੱਸਿਆਵਾਂ ਤਾਂ ਚੱਲਦੀਆਂ ਹੀ ਰਹਿੰਦੀਆਂ ਨੇ। ਬਸ ਮਨ ਵਿੱਚ ਇਹੀ ਮਲਾਲ ਐ ਕਿ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨ ਤੇ ਵੀ ਬੀ ਜੀ ਖੁਸ਼ ਨਹੀਂ ਹੁੰਦੇ। ਕਈ ਵਾਰ ਸੋਚਦੀ ਆਂ ਕਿ ਮਨਾ ਏਦੂੰ ਤਾਂ ਆਪਣੀ ਮਰਜੀ ਹੀ ਕਰ ਲਿਆ ਕਰਦਾ ਨਾਲੇ ਆਪ ਨਾ-ਖੁਸ਼ ਰਹੀ ਨਾਲੇ ਦੂਜਿਆਂ ਨੂੰ ਖੁਸ਼ ਨਹੀਂ ਕਰ ਸਕੀ। ਮਾਂ! ਇੱਕ ਮਿੰਟ ਬਹੁਤ ਸਾਰੀਆਂ ਗੱਲਾਂ ਕਰਨੀਆਂ ਨੇ ਅਜੇ। ਸ਼ਾਇਦ ਬੀ ਜੀ ਕੁਝ ਕਹਿ ਰਹੇ ਨੇ ਸੁਣ ਲਵਾਂ। " ਜੇ ਕੁਸ਼ ਦੁਖਦੈ ਗੋਲੀ ਗੂਲੀ ਖਾ ਲੈ ਕੋਈ.... ਕੁਵੇਲਾ ਹੋਈ ਜਾਂਦੈ ਰੋਟੀ ਟੁੱਕ ਨੂੰ........।" ਬੀ ਜੀ ਨੇ ਉੱਚੀ ਦੇਣੇ ਕਿਹਾ... ਉਸ ਤੋਂ ਬਾਅਦ ਭਾਂਡਿਆਂ ਦੇ ਖੜਕੇ ਵਿੱਚ ਰਲੀ ਆਵਾਜ਼ ਦੀ ਸਮਝ ਨਹੀਂ ਆਈ। ਉਸ ਨੇ ਦਰਵਾਜ਼ੇ ਵੱਲ ਪਿੱਠ ਕਰਕੇ ਅੱਖਾਂ ਪੂੰਝੀਆਂ। " ਅੱਛਾ ਮਾਂ! ਫੇਰ ਕਰਾਂਗੇ ਰਹਿੰਦੀਆਂ ਗੱਲਾਂ। ਰੋਟੀ ਪਾਣੀ ਦਾ ਆਹਰ ਕਰ ਲਵਾਂ।" ਉਸ ਨੇ ਸਿਰ ਦਰਦ ਨੂੰ ਜਾੜ੍ਹ ਹੇਠ ਦੱਬਿਆ ਤੇ ਕੰਮਾਂ ਵਿੱਚ ਜੁਟ ਗਈ।

# ਮਾਂ ਦੀ ਚਿੱਠੀ ਪੁੱਤ ਦੇ ਨਾਮ



ਪਤਾ ਨਹੀਂ ਕਿੰਨੀ ਵਾਰ ਲਿਖੀ ਅਤੇ ਕਿੰਨੀ ਵਾਰ ਟੁੱਕੜੇ ਟੁੱਕੜੇ ਕੀਤੀ।ਬਹੁਤ ਕੁੱਝ ਪੁੱਤ ਨੂੰ ਕਹਿਣਾ ਚਾਹੁੰਦੀ ਸੀ,ਦੱਸਣਾ ਚਾਹੁੰਦੀ ਸੀ।ਨਾ ਬੋਲਿਆ ਗਿਆ ਅਤੇ ਨਾ ਲਿਖਕੇ ਦੇਣ ਦੀ ਹਿੰਮਤ ਪਈ।ਪਰ ਉਸਨੇ ਅਖੀਰ ਇਕ ਚਿੱਠੀ ਲਿਖੀ ਤੇ ਪੁੱਤ ਦੇ ਲਈ ਛੱਡ ਗਈ।ਕੁੱਝ ਸੱਤਰਾਂ ਵਿੱਚ ਜੋ ਲਿਖਿਆ,ਉਸਨੇ ਪੁੱਤ ਨੂੰ ਝੰਜੋੜਿਆ ਤਾਂ ਜਰੂਰ ਹੋਏਗਾ।ਮਾਂ ਨੇ ਲਿਖਿਆ ਸੀ।ਮੇਰੇ ਚੰਨ ਵਰਗੇ ਪੁੱਤਾਂ,ਮੇਰੀ ਦੁਨੀਆਂ ਤੇਰੇ ਦੁਆਲੇ ਘੁੰਮਦੀ ਸੀ।ਮੈਂ ਹਕੀਕਤ ਵਿੱਚ ਕਈ ਵਾਰ ਮਰੀ।ਕਦੇ ਤੇਰੇ ਨਾ ਬੋਲਣ ਤੇ ਅਤੇ ਕਦੇ ਤੇਰੇ ਕਹੇ ਸ਼ਬਦਾਂ ਨੂੰ ਸੁਣਕੇ।ਮੈਨੂੰ ਕਿਸੇ ਚੀਜ਼ ਦੀ ਕਮੀਂ ਨਹੀਂ ਸੀ,ਪਰ ਦਿਲ ਕਰਦਾ ਸੀ ਕਦੇ ਤੂੰ ਵੀ ਕਹਿੰਦਾ,ਚੱਲੋ ਅੱਜ ਤੁਸੀਂ ਆਪਣੀ ਮਰਜ਼ੀ ਨਾਲ ਖਰੀਦਦਾਰੀ ਕਰੋ।ਮੇਰਾ ਦਿਲ ਬਹੁਤ ਦੁੱਖਿਆ,ਜਿਸ ਦਿਨ ਤੇਰੇ ਦੱਸਣ ਤੇ ਮੈਨੂੰ ਪਤਾ ਲੱਗਾ ਕਿ ਸਾਡੇ ਕਰਕੇ ਤੂੰ ਆਪਣੇ ਦੋਸਤਾਂ ਨੂੰ ਘਰ ਨਹੀਂ ਬੁਲਾ ਸਕਦਾ।ਮੁਆਫ਼ ਕਰੀਂ ਇਹ ਤੇਰੀ ਖਾਹਿਸ਼ ਪੂਰੀ ਉਦੋਂ ਨਹੀਂ ਕਰ ਸਕੀ।ਮੇਰੇ ਜਾਣ ਤੋਂ ਬਾਅਦ ਕੋਈ ਖਰਚਾ ਨਾ ਕਰੀਂ,ਕਿਉਂਕਿ ਇਹ ਮੈਨੂੰ ਨਾ ਖੁਸ਼ੀ ਦੇਵੇਗਾ ਅਤੇ ਨਾ ਇਸ ਨਾਲ ਤੇਰੇ ਤੇ ਮਾਣ ਮਹਿਸੂਸ ਕਰਾਂਗੀ।ਚੱਲ ਦੋਸਤਾਂ ਨੂੰ ਬੁਲਾਉਣ ਲਈ ਘਰ ਖਾਲੀ ਹੋਇਆ।ਦੋਸਤਾਂ ਨਾਲ ਖੁਸ਼ੀਆਂ ਮਾਣ।ਚਿੱਠੀ ਪੜ੍ਹ,ਮਾਂ ਦਾ ਮੋਹ ਭਰਿਆ ਚਿਹਰਾ ਅਤੇ ਹੋਰ ਬਹੁਤ ਕੁੱਝ ਯਾਦ ਆ ਗਿਆ।ਪਰ ਹੁਣ ਮਾਂ ਨਹੀਂ ਸੀ,ਸਿਰਫ਼ ਉਸਦੀ ਲਿਖੀ ਚਿੱਠੀ ਸੀ।

ਪ੍ਰਭਜੋਤ ਕੌਰ ਢਿੱਲੋਂ ਮੁਹਾਲੀ
ਮੋਬਾਈਲ ਨੰਬਰ 9815030221

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025




# ਪ੍ਰੀਤ ਫੁਲਵਾੜੀ

## ਗ਼ਜ਼ਲ

ਚਾਅ ਨੱਚਣ ਦਾ ਪਾਲ ਕੇ
ਪੈਰਾਂ 'ਚ ਝਾਂਜਰ ਪਾ ਲਈਏ।
ਹਉਕਿਆਂ ਦਾ ਗੀਤ ਰਲ ਕੇ
ਢੋਲਕੀ ਤੇ ਗਾ ਲਈਏ।
ਕਰਦਿਆਂ ਚਿੰਤਾ ਵਾ ਗਮ ਨਾ
ਸੁਲਝਣੀ ਲਿਟ ਜੀਂਦਗੀ ਦੀ,
ਖੋਲ੍ਹ ਘੁੰਡੀ ਮਸਲਿਆਂ ਨੂੰ,
ਬੈਠ ਕੇ ਨਿਪਟਾ ਲਈਏ।
ਪਿਆਰ ਵਾਲੇ ਰੰਗ ਭਰ
ਰੰਗੀਨ ਹੋਵੇ ਰੂਹ ਤੇਰੀ,
ਈਰਖਾ ਦਾ ਰੰਗ ਕਾਲਾ
ਕੈਨਵਸ ਤੋਂ ਹੀ ਮਿਟਾ ਲਈਏ।
ਦਰਦ,ਪੀੜਾਂ,ਰੋਗ,ਹੰਝੂ,
ਜਿੰਦਗੀ ਦੇ ਕੱਪੜੇ ਨੇ ,
ਆਓ ਸੁੱਖਾਂ ਵਾਂਗ ਦੁਖ ਵੀ
ਨਾਲ ਗਲ ਦੇ ਲਾ ਲਈਏ।
ਜਿੰਦਗੀ ਦੇ ਹਰ ਲਮ੍ਹੇ ਨੂੰ
ਮਾਣ ਕੇ ਆਨੰਦ ਜੀਵੋ,
ਰਿੜਕ ਕੇ ਪਾਣੀ ਨ ਐਵੇਂ
ਵਕਤ ਨੂੰ ਹੀ ਵਿਹਾ ਲਈਏ।
ਸ਼ੋਰ ਸੁਣ ਕੇ ਕਾਂਵਾਂ ਦਾ ਨੇ
ਚੁੱਪ ਕੋਇਲਾਂ ਹੋ ਗਈਆਂ
ਆਓ ਰਲ ਮਿਲ ਕੋਇਲਾਂ ਸੰਗ
ਗੀਤ ਕੋਈ ਗਾ ਲਈਏ।
ਆਸ ਨ੍ਹੇਰੇ ਦੀ ਨ ਕੋਈ
ਹੋ ਸਕੇ ਪੂਰੀ ਕਦੇ ਵੀ,
ਆਓ ਦੀਵੇ ਬਾਲ ਕੇ ਇਹ
ਰਾਸਤੇ ਰੁਸ਼ਨਾ ਲਈਏ।

**ਅਮਰਜੀਤ**

## ਹੱਕ ਦੀ ਕਮਾਈ

ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।
ਤੇਰੀ ਨਜਰ ਤੇ ਕਿਉਂ ਚੜ੍ਹਿਆ ਪੰਜਾਬ ।
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਜਦੋਂ ਲੈਣੀਆਂ ਸੀ ਵੋਟਾਂ ਉਦੋਂ ਹੱਥ ਸੀਗਾ ਜੋੜਦਾ,
ਫਾਇਦਾ ਚੁੱਕੀ ਜਾਨੈਂ ਹੁਣ ਸਾਡੀ ਇੱਕ ਲੋੜ ਦਾ,
ਤੈਨੂੰ ਵੋਟਾਂ ਅਸੀਂ ਪਾ ਕੇ ਬਣਾਇਆ ਸੀ ਨਵਾਬ ।
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਜੱਟ ਕੋਲੋਂ ਜੱਟ ਦੀ ਤੂੰ ਕਹੀ ਪਿਆ ਮੰਗਨੈਂ,
ਸੱਪ ਦਿਆ ਜਾਇਆ ਸਾਨੂੰ ਵਿੱਚੋ ਵਿੱਚੇ ਡੰਗਨੈਂ,
ਦੇ ਆ ਕੇ ਸਾਡਿਆਂ ਸਵਾਲਾਂ ਦਾ ਜਬਾਬ।
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਪਾਣੀਆਂ ਦੇ ਉੱਤੇ ਵੀ ਤੂੰ ਹੱਕ ਨੂੰ ਜਤਾਇਆ ਸੀ,
ਤੈਥੋਂ ਰੁਕਿਆ ਨਾ ਪਾਣੀ ਤੇਰੇ ਹੱਥ ਕੀ ਆਇਆ ਸੀ,
ਸਾਡੀ ਮਿੱਠੀ ਮਾਂ ਬੋਲੀ ਤੇ ਤੇ ਮਿੱਠਾ ਪੰਜ ਆਬ।
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਸਾਡੀਆਂ ਲੜਾਈਆਂ ਤੇ ਸਾਡੀਆਂ ਜੋ ਜੰਗਾਂ ਨੇਂ,
ਹਾਕਮਾਂ ਕਰਦੇ ਤੂੰ ਪੂਰੀਆਂ ਸਾਡੀਆਂ ਜੋ ਮੰਗਾਂ ਨੇਂ,
ਕਿਰਸਾਨਾਂ ਦੇ ਪੂਰੇ ਹੋ ਜਾਵਣ ਸਭ ਖਵਾਬ ।
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਬੜਾ ਕੁਝ ਦਿਲ ਤੇ ਹੰਢਾ ਲਿਆ ਏ ਦਿੱਲੀਏ,
ਹੱਥ ਕਦੇ ਆ ਤੈਨੂੰ ਗੰਢੇ ਵਾਂਗੂੰ ਛਿੱਲੀਏ,
ਤੂੰ ਮਹਿਕੋਂ ਵਿਹੂਣਾ ਕਰ ਸੁੱਟਿਆ ਗੁਲਾਬ .
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ।

ਜਗਦੀਸ ਹਰ ਹੀਲੇ ਇਸ ਹਾਰ ਜਾਣਾ ਪਾਪ ਨੇ,
ਜੀ ਇਕੱਠ ਮਜਬੂਤ ਸਦਾ ਰੱਖਣਾ ਹੈ ਆਪ ਨੇਂ,
ਕਾਇਮ ਰਹਿਣ ਸਰਦਾਰੀਆਂ ਬਣੇ ਰਹੀਏ ਨਵਾਬ .
ਹੱਕ ਦੀ ਕਮਾਈ ਦਾ ਤੂੰ ਮੰਗਦਾ ਹਿਸਾਬ

**ਜਗਦੀਸ਼ ਕੌਰ**

## ਅੱਜ ਕਲ੍ਹ /.ਗ਼ਜ਼ਲ

ਪਹਿਲੇ ਵਰਗੀ ਹੁਣ ਨਹੀਂ ਗੱਲ ਬਾਤ ਅੱਜ ਕਲ੍ਹ ,
ਘਰ 'ਚ ਆਵੇ ਨਾ ਕੋਈ ਬਾਰਾਤ ਅੱਜ ਕਲ੍ਹ ।
ਘੁੰਮ ਕੇ ਦਿਨ ਸਾਰਾ ਥੱਕ ਜਾਂਦੇ ਨੇ ਸਾਰੇ ,
ਰਾਤ ਨੂੰ ਪਾਏ ਨਾ ਕੋਈ ਬਾਤ ਅੱਜ ਕਲ੍ਹ ।
ਲੋੜ ਹੁੰਦੀ ਹੈ ਜਦੋਂ ਫਸਲਾਂ ਨੂੰ ਇਸ ਦੀ ,
ਹੁੰਦੀ ਨਾ ਯਾਰੋ ਉਦੋਂ ਬਰਸਾਤ ਅੱਜ ਕਲ੍ਹ ।
ਕੱਲਾ ਕੋਈ ਘਰ ਤੋਂ ਬਾਹਰ ਨ੍ਹੀ ਜਾ ਸਕਦਾ ,
ਮਾੜੇ ਹੋ ਗਏ ਨੇ ਏਨੇ ਹਾਲਾਤ ਅੱਜ ਕਲ੍ਹ ।
ਆਸ ਅੱਜ ਕਲ੍ਹ ਰੱਖੋ ਨਾ ਯਾਰਾਂ ਤੋਂ ਬਹੁਤੀ ,
ਕਿਉਂਕਿ ਇਹ ਸੁਣਦੇ ਨਾ ਚੱਜਦੀ ਬਾਤ ਅੱਜ ਕਲ੍ਹ ।
ਚਾਰੇ ਪਾਸੇ ਨ੍ਹੇਰਾ ਹੈ ਤੇ ਕੁਝ ਦਿਸੇ ਨਾ ,
ਖ਼ਬਰੇ ਕਾਲੀ ਕਿਉਂ ਹੈ ਹਰ ਇਕ ਰਾਤ ਅੱਜ ਕਲ੍ਹ ?
ਕੁਝ ਤਾਂ ਮਾੜਾ 'ਮਾਨ' ਨਾ' ਲੱਗਦਾ ਹੈ ਹੋਇਆ ,
ਉਹ ਕਰੇ ਨਾ ਚੱਜ ਨਾ' ਗੱਲ ਬਾਤ ਅੱਜ ਕਲ੍ਹ ।

## ਇਸ ਦੇਸ਼ 'ਚ /.ਗ਼ਜ਼ਲ

ਇਸ ਦੇਸ਼ 'ਚ ਐਸ਼ਾਂ ਕਰਦੇ ਨੇ ਧਨਵਾਨ ਅਜੇ,
ਉਹ ਮਜ਼ਦੂਰਾਂ ਦਾ ਕਰਦੇ ਨੇ ਅਪਮਾਨ ਅਜੇ।
ਉਹ ਸਭ ਕੁਝ ਧਨਵਾਨਾਂ ਨੂੰ ਦੇਈ ਜਾਂਦਾ ਹੈ,
ਮਜ਼ਦੂਰਾਂ ਨਾ' ਰੁੱਸਿਆ ਲੱਗਦੈ ਭਗਵਾਨ ਅਜੇ।
ਫਸਲਾਂ ਦਾ ਪੂਰਾ ਮੁੱਲ ਉਨ੍ਹਾਂ ਨੂੰ ਮਿਲਦਾ ਨ੍ਹੀ ,
ਤਾਂ ਹੀ ਖੁਦਕੁਸ਼ੀਆਂ ਕਰਦੇ ਨੇ ਕਿਰਸਾਨ ਅਜੇ।
ਲੱਗਦਾ ਹੈ ਉਸ ਨੇ ਫਸਲਾਂ ਦਾ ਕੁਝ ਨ੍ਹੀ ਛੱਡਣਾ,
ਪਰਸੋਂ ਦਾ ਚੱਲੀ ਜਾਂਦਾ ਹੈ ਤੂਫਾਨ ਅਜੇ।
ਇੱਥੇ ਬੰਦੇ ਤਾਂ ਘੁੰਮਦੇ ਫਿਰਦੇ ਨੇ ਬਥੇਰੇ,
ਪਰ ਮਿਲਣੇ ਮੁਸ਼ਕਿਲ ਨੇ ਯਾਰੋ, ਇਨਸਾਨ ਅਜੇ।
ਭੁੱਖੇ ਕਾਮੇ ਬੈਠੇ ਨੇ ਵਿਚਾਰੇ ਢਿੱਡ ਫੜਕੇ,
ਮਹਿੰਗਾ ਹੋਈ ਜਾਂਦੈ ਖਾਣ ਦਾ ਸਾਮਾਨ ਅਜੇ।

**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ (9915803554)**

## ਅੱਖਾਂ ਭਰ ਭਰ

ਅੱਖਾਂ ਭਰ ਭਰ ਰੋਵਾਂ , ਨੀਂ ਮੈਂ ਰਾਤਾਂ ਨੂੰ ,
ਕੁਲਹਿਣੇ ਵੇਲੇ ਹੋਈਆ , ਓਨਾਂ ਮੁਲਾਕਾਤਾਂ ਨੂੰ ।
ਪਿਆਰ ਭਰੇ ਤੇਰੇ ਖੱਤ , ਕਿਵੇਂ ਮੈਂ ਪਾੜਾ ਨੀਂ ,
ਇਸਕ ਦੀ ਸੂਲੀ , ਆਪਣੇ ਆਪ ਨੂੰ ਚਾੜਾ ਨੀਂ ,
ਵੱਖ ਕਿਵੇਂ ਮੈਂ ਕਰਾਂ , ਦਿੱਤੀਆਂ ਤੇਰੀਆਂ ਸੌਗਾਤਾਂ ਨੂੰ ।
ਅੱਖਾਂ ਭਰ ਭਰ

ਭੁਲਦੇ ਨਾ ਭੁਲਾਇਆ , ਲੱਖ ਓਹ ਥਾਂ ਨੀਂ ,
ਬਸ ਅਧੂਰੇ ਰਹਿ ਗਏ , ਦਿਲ ਵਿੱਚ ਚਾਅ ਨੀਂ ,
ਕਾਲੀਆਂ ਕਰ ਗਿਆ , ਮੇਰੀਆਂ ਤੂੰ ਪ੍ਰਭਾਤਾਂ ਨੂੰ ।
ਅੱਖਾਂ ਭਰ ਭਰ

ਨਾ ਅੰਬਰਾਂ ਵਿੱਚ ਤਾਰੇ , ਨਾ ਹੀ ਚੰਨ ਦਿੱਸਦਾ ,
'ਦਰਦੀ' ਦੀ ਕਲਮ ਚੋਂ , ਖ਼ੂਨ ਪਿਆ ਰਿਸਦਾ ,
ਅੱਜ ਰੋਵੇ ਦੇਖ ਮਨੁੱਖੀ , ਓਹ ਜਾਤਾਂ ਪਾਤਾਂ ਨੂੰ ।
ਅੱਖਾਂ ਭਰ ਭਰ

**ਸਿਵਨਾਥ ਦਰਦੀ**
**ਸੰਪਰਕ :-9855155391**

## ਪਿਆਰ ਨੈੱਟ ਉੱਤੇ

ਅੱਜ ਕੱਲ੍ਹ ਰਹਿ ਗਿਆ ਪਿਆਰ ਨੈੱਟ ਉੱਤੇ,
ਸਕਿਆਂ ਤੋਂ ਵੱਧ ਇਤਬਾਰ ਨੈੱਟ ਉੱਤੇ !
ਭਾਈ ਭੈਣਾਂ ਛੱਡ ਬਣੇ ਯਾਰ ਨੈੱਟ ਉੱਤੇ ,
ਯਾਰੀ ਪਈ ਸਮੁੰਦਰਾਂ ਤੋਂ ਪਾਰ ਨੈੱਟ ਉੱਤੇ !
ਪੀੜ ਪਈ ਆਪਣਿਆਂ ਕੀਤਾ ਉਪਚਾਰ ,
ਨੈੱਟ ਵਾਲ਼ਿਆਂ ਨੇ ਲਈ ਸਾਰ ਨੈੱਟ ਉੱਤੇ !
ਫੇਸਬੁੱਕ ,ਵਟਸਐਪ ,ਟਵਿੱਟਰ ਅਤੇ ਹੋਰ ਕਈ,
ਪੈ ਗਿਆ ਹੈ ਬੜਾ ਹੀ ਖਿਲਾਰ ਨੈੱਟ ਉੱਤੇ !
ਸੱਸੀ ਪੁੰਨੂੰ ,ਹੀਰ ਰਾਂਝਾ ,ਸੋਹਣੀ ਮਹੀਵਾਲ ਨੂੰ,
ਚੈਟਿੰਗ ਦਾ ਚੜ੍ਹਿਆ ਬੁਖ਼ਾਰ ਨੈੱਟ ਉੱਤੇ !
ਚੰਗੇ ਮਾੜੇ ਸਾਰੇ ਇਨਸਾਨ ਇੱਥੇ ਵੱਸਦੇ ,
ਲੱਭਦਾ ਨਾ ਕੋਈ ਗਮਖ਼ਾਰ ਨੈੱਟ ਉੱਤੇ !
ਭੰਗ, ਭੁੱਕੀ, ਚਿੱਟਾ ,ਦਾਰੂ ਨਸ਼ੇ ਜਿਹਾ ਵੇਖੋ ,
ਝੂਮਦਾ ਹੈ ਸਾਰਾ ਸੰਸਾਰ ਨੈੱਟ ਉੱਤੇ !

**ਮਦਨ ਬੰਗੜ**
**9501575511, 7973114660**

## ਸਮਾਜ ਦਾ ਦਰਪਣ ਹੁੰਦੇ ਲੇਖਕ

ਸਮਾਜ ਦਾ ਦਰਪਣ ਹੁੰਦੇ ਲੇਖਕ, ਲਿਖਦੇ ਸਦਾ ਭਲਾਈ ਲਈ।
ਨਾ ਹੀ ਹੁੰਦਾ ਲਾਲਚ ਕੋਈ ,ਨਾ ਹੀ ਲਿਖਣ ਕਮਾਈ ਲਈ।।
ਨਵੀਆਂ ਨਵੀਆਂ ਲਿਖ ਰਚਨਾਵਾਂ, ਅਖਬਾਰਾਂ ਵਿਚ ਛਪਾਉਂਦੇ ਨੇ।
ਪੜ ਰਚਨਾਵਾਂ ਪਾਠਕਾਂ ਵਲੋਂ, ਫੋਨ ਬਹੁਤ ਫਿਰ ਆਉਂਦੇ ਨੇ।।
ਕੋਈ ਗਜਲਾਂ ਗੀਤ ਰੁਬਾਈਆਂ, ਕੋਈ ਦੋਹੇ ਲਿਖਦਾ ਹੈ।
ਮੇਰੇ ਵਰਗਾ ਸਿੱਖ ਇੰਨਾ ਤੋ, ਲਿਖਣਾ ਹਾਲੇ ਤਾ ਸਿਖਦਾ ਹੈ।।
ਕੋਈ ਗੁਰਸਿੱਖ ਬਾਣੀ ਲਿਖਕੇ, ਨਾਲ ਵਿਆਖਿਆ ਕਰਦਾ ਹੈ।
ਕਮਾਲ ਦੀ ਕਰਦਾ ਤੁੱਕਾਬੰਦੀ ਤੇ, ਰਸ ਉਨਾਂ ਵਿਚ ਭਰਦਾ ਹੈ।।
ਇਤਹਾਸ ਨੂੰ ਲਿਖਦਾ ਦਿਲ ਨਾਲ ਕੋਈ, ਉਸੇ ਨੂੰ ਪਰਣਾਇਆ ਹੈ।
ਘੋਖ ਵਿਚਾਰ ਕੇ ਲਿਖਣਾ ਹਿਸੇ, ਕਿਸੇ ਕਿਸੇ ਦੇ ਆਇਆ ਹੈ।।
ਵਿਅੰਗ ਲਿਖਕੇ ਪਾਠਕਾਂ ਨੂੰ ਕਈ, ਲੇਖਕ ਖ਼ੂਬ ਹਸਾਉਂਦੇ ਨੇ।
ਰੋਈ ਤਾ ਕੁਲ ਦੁਨੀਆਂ ਜਾਂਦੀ, ਇਹ ਹਸਾ ਕੇ ਫਰਜ ਨਿਭਾਉਦੇ ਨੇ।।
ਚੌਕੇ ਅਤੇ ਹਾਇਕੂ ਲਿਖਣ ਦੀ, ਵਿਧਾ ਹੀ ਇਕ ਨਿਰਾਲੀ ਹੈ।
ਵੈਸੇ ਇਹ ਜਪਾਨੀ ਐ ,ਪਰ ਪੰਜਾਬ ਚ ਵਿਰਲਿਆਂ ਭਾਲੀ ਹੈ।।
ਲੱਚਰ ਲਿਖਦਾ ਜੋ ਵੀ ਉਹੋ, ਮੂਰਖ ਹੀ ਅਖਵਾਉਂਦਾ ਹੈ।
ਐਸਾ ਲੇਖਕ ਲੋਕਾਂ ਦੇ ਵਿੱਚ, ਅਪਣੀ ਪੱਤ ਗਵਾਉਦਾ ਹੈ।।
ਐਸੇ ਵੀ ਕਈ ਲੇਖਕ ਸਨ ਜਿਨ੍ਹਾਂ ,ਲਿਖਤਾਂ ਲਿਖ ਛਪਾਈਆਂ ਨਾ।
ਪਈਆਂ ਨੂੰ ਹੀ ਘੁਣ ਖਾ ਗਿਆ, ਕੰਮ ਕਿਸੇ ਦੇ ਆਈਆਂ ਨਾ।।
ਪੁਰਾਤਨ ਵਿਰਸੇ ਨੂੰ ਅਪਣਾਏ, ਟਾਂਵੇ ਟਾਂਵੇ ਲਿਖਾਰੀ ਜੀ।
ਅਜੋਕੀ ਪੀੜ੍ਹੀ ਨੂੰ ਯਾਦ ਕਰਾਉਣ ਦੀ,ਸਮਝਣ ਜਿੰਮੇਵਾਰੀ ਜੀ।।
ਲੱਚਰਤਾ ਅਸਲੀਲਤਾ ਤੋ ਦੂਰ ਰਹੋ ,ਤੇ ਲਿਖੋ ਜੋ ਗਲ ਮਿਆਰੀ ਜੀ।
ਸਰਮੇ ਦਦਾਹੂਰੀਏ ਨੇ ਤਾ ,ਦਿੱਲ ਦੇ ਵਿੱਚ ਇਹ ਧਾਰੀ ਜੀ।।

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

## ਬਾਪੂ ਦੇ ਹੱਥ

ਤੇਰੇ ਜਿੰਨਾ ਕੋਈ ਕਰ ਨਹੀਂ ਸਕਦਾ
ਸਾਡੀ ਖ਼ਾਤਰ ਮਰ ਨਹੀਂ ਸਕਦਾ
ਧੁੱਪਾਂ ਠੰਢਾਂ ਜਰ ਨਹੀਂ ਸਕਦਾ
ਇੱਕ ਹਾਕ ਤੇ ਪਿੱਛੇ ਖੜ੍ਹ ਨਹੀਂ ਸਕਦਾ
ਦੁੱਖਾਂ ਦੇ ਨਾਲ ਲੜ ਨਹੀਂ ਸਕਦਾ
ਗ਼ਰੀਬੀ ਵਿੱਚ ਤੇਰੀ ਜਵਾਨੀ ਬੀਤੀ
ਤੇਰੇ ਨਾਲੋਂ ਵਧ ਕੇ, ਕੌਣ ਜਾਣਦਾ
ਕਿਵੇਂ ਦਿਲ ਵਿਚ ,ਦਰਦ ਲੁਕੋਏ ਦੇ ਨੇ
ਸਾਰਾ ਦਿਨ ਕੰਮ ਕਰਕੇ ਵੀ ਨ੍ਹੀਂ ਥੱਕਦੇ
ਕੀ ਗੱਲ ਬਾਪੂ ,ਤੇਰੇ ਹੱਥ ਲੋਹੇ ਦੇ ਨੇ

ਤੂੰ ਬੜਾ ਹੀ ਕੀਤਾ ਹੁਣ ਆਪਾਂ ਕਰਨਾ
ਹੀਰਿਆਂ ਦੇ ਨਾਲ ਤੇਰਾ ਪਰਨਾ ਜੜਨਾ
ਜੇ ਰੱਬ ਨੇ ਸਾਹ ਤੇਰੇ ਚਾਹੇ ਖੋਹਣੇ
ਮੈਂ ਉੱਠਣਾ ਨਹੀਂ ਲਾ ਲੈਣਾ ਧਰਨਾ
ਸਾਰੀ ਉਮਰ ਤੂੰ ਘਰ ਨੂੰ ਭਰਿਆ
ਮੈਂ ਬੁੱਢੇ ਵਾਰੇ ਤੈਨੂੰ ਤੰਗ ਨਹੀਂ ਕਰਨਾ
ਰੋਟੀ ਉਪਰ ਤੂੰ ਰੱਖ ਕੇ ਗੰਡਾ
ਸੁੱਕੀ ਹੋਈ ਦਾ ਲਾਹ ਕੇ ਕੰਡਾ
ਹੋਰ ਕਿਹੜਾ ਤੂੰ ਪੀਪੇ ਖਾਧੇ, ਖੋਏ ਦੇ ਨੇ
ਸਾਰਾ ਦਿਨ ਕੰਮ ਕਰਕੇ ਵੀ ਨ੍ਹੀਂ ਥੱਕਦੇ
ਕੀ ਗੱਲ, ਬਾਪੂ ਤੇਰੇ ਹੱਥ ਲੋਹੇ ਦੇ ਨੇ

ਤੂੰ ਪੱਕੀ ਹੋਈ ਫਸਲ ਦੇ ਵਰਗਾ
ਤੇਰਾ ਹੌਂਸਲਾ ਸਾਨੂੰ ਰਫਲ ਦੇ ਵਰਗਾਂ
ਤੇਰੇ ਤੋਂ ਕੋਈ ਸ਼ੈਅ ਨਾ ਵਧ ਕੇ
ਸੋਨਾ ਵੀ ਤੇਰੀ ਚਪਲ ਦੇ ਵਰਗਾ
ਜਿੰਨਾ ਚਿਰ ਤੂੰ ਘਰ ਨਹੀਂ ਆਉਂਦਾ
ਉਨ੍ਹਾਂ ਚਿਰ ਨਾ ਬੂਹੇ ਢੋਏ ਦੇ ਨੇ
ਸਾਰਾ ਦਿਨ ਕੰਮ ਕਰਕੇ ਵੀ ਨ੍ਹੀਂ ਥੱਕਦੇ
ਕੀ ਗੱਲ, ਬਾਪੂ ਤੇਰੇ ਹੱਥ ਲੋਹੇ ਦੇ ਨੇ

**ਲੇਖਕ --ਮਨਦੀਪ ਖਾਨਪੁਰੀ**
**ਮੋਬਾਇਲ ਨੰ 9779179060**
**ਪਤਾ -ਖਾਨਪੁਰ ਸਹੋਤਾ ਹੁਸ਼ਿਆਰਪੁਰ**

## ਕਵਿਤਾ

ਮੈਂ ਖੁਦ ਤੋਂ ਹੋਈ ਪਰਾਈ
ਤੇ ਸਮਝੀ ਨਾ ਲੋਕਾਂ ਦੀਆਂ ਚਾਲਾਂ ਨੂੰ
ਮੈਂ ਸੁੱਤੀ ਸੁਪਨੇ ਦੇਖੀ ਗਈ
ਕੋਈ ਘਰ ਉਜਾੜ ਗਿਆ
ਮੇਰੇ ਦਿਲ ਦੇ ਹਰ ਇੱਕ ਕੋਨੇ ਵਿੱਚ
ਓਹ ਧੋਖੇ ਵਾੜ ਗਿਆ
'ਸਾਬੀ' ਨਾ ਇੱਕ ਔਰਤ ਪੱਥਰ ਸੀ
ਇਸ ਲਈ ਸਭ ਸਹਿ ਗਈ ਆਂ
ਤੇ ਤੇਰੇ ਬਾਰੇ ਜੋ ਸੀ ਕਹਿਣਾ
ਬਸ ਅੱਜ ਹੀ ਕਹਿ ਗਈ ਆਂ
ਇੱਕ ਅਰਥੀ ਅਜ ਸਜਾ ਕੇ
ਤੇਰੇ ਵਾਅਦੇ ਸਾੜੂੰਗੀ
ਫਿਰ ਦਿਲ ਦੇ ਕੱਠੇ ਕਰ ਟੁੱਕੜੇ
ਗੰਗਾ ਵਿੱਚ ਤਾਰੂੰਗੀ

**ਸਾਬੀ ਕੌਰ ਯੂ. ਕੇ.**

## ਸਾਂਝ

ਪੜ੍ਹ ਜਿੰਦਗੀ ਦੇ ਪੰਨਿਆਂ ਨੂੰ
ਇੱਕੋ ਜਿਲਦ ਵਿੱਚ ਬੰਨਿਆਂ ਨੂੰ
ਚਾਰ ਚੰਨ ਏ ਲਾਵਣ ਗੇ
ਤੈਨੂੰ ਏ ਸਬਕ ਸਖਾਵਣ ਗੇ।
ਝੂਠ ਰਤਾ ਨਾ ਸੱਜਣਾਂ ਕਾਈ
ਜੀਂਦਗੀ ਜਾਣੀ ਏਦਾਂ ਲੰਘਾਈ
ਚੁਗੇ ਕੰਢੇ ਰਾਹੋਂ ਜਾਵਣਗੇ
ਤੈਨੂੰ ਏ ਸਬਕ ਸਖਾਵਣ ਗੇ।
ਕੀ ਆਪਣੇ ਕੀ ਪਰਾਏ ਨੇ
ਰਵਾਏ ਤੇ ਕੀ ਹਸਾਏ ਨੇ
ਤੇਰੇ ਮਨ ਸਭ ਨੂੰ ਭਾਵਨਗੇ
ਤੈਨੂੰ ਏ ਸਬਕ ਸਖਾਵਣ ਗੇ।
ਕਿਤਾਬ ਅਧੂਰੀ ਛੱਡੀ ਨਾ
ਜੋਂ ਪੜਿਆਂ ਉਹ ਮਨੋਂ ਕੱਢੀ ਨਾ
ਧੁਰ ਬੰਨੇ ਕਿਤੇ ਲਾਵਣਗੇ
ਤੈਨੂੰ ਏ ਸਬਕ ਸਖਾਵਣ ਗੇ।
ਸਾਂਝ ਬਣਾ ਲੈ ਨਾਲ ਕਿਤਾਬਾਂ
ਗਿਆਨ ਮਿਲੇਗਾ ਬੇਹਿਸਾਬਾ
ਸੁਖਚੈਨ,ਦੁੱਖ ਹਰ ਜਾਵਣਗੇ
ਤੈਨੂੰ ਏ ਸਬਕ ਸਖਾਵਣ ਗੇ।

**ਸੁਖਚੈਨ ਸਿੰਘ,ਠੱਠੀ ਭਾਈ,**
**00971527632924**

## "ਭਈਆ ਦਲ"

ਪਹਿਲਾਂ ਰਾਜੇ ਸੀ ਰਈਅਤ ਦੇ ਰਖਵਾਲੇ,
ਪੁੱਠਾ ਸਮਾਂ ਆ ਗਿਆ ਹੈ ਅੱਜਕੱਲ੍ਹ ਲੋਕੋ।

ਮਸਲਾ ਕਿਹੜਾ ਹੈ ਐਸਾ ਜਹਾਨ ਉੱਤੇ
ਜਿਸਦਾ ਹੁੰਦਾ ਨਹੀਂ ਕੋਈ ਵੀ ਹੱਲ ਲੋਕੋ।

ਆਪੋ ਆਪਣੇ ਰਾਗ ਸਭ ਨੇ ਛੇੜ ਰੱਖੇ,
ਆਪੇ ਜਾਣ ਬਣਾਈ ਅਪਣੀ ਭੱਲ ਲੋਕੋ।

ਉਹਦੇ ਘਰ ਦਾ ਪਤਾ ਨਹੀਂ ਕੀ ਹੁੰਦੈ,
ਕਿਧਰੇ ਸੋਕਾ ਤੇ ਕਿਧਰੇ ਜਲ-ਥਲ਼ ਲੋਕੋ।

ਜੱਗ ਜੰਕਸ਼ਨ ਹੈ ਰੇਲਾਂ ਦਾ ਇਹ ਦੁਨੀਆਂ,
ਹੋਈ ਜਾਂਦੀ ਨਿੱਤ ਚਲ ਸੋ ਚੱਲ ਲੋਕੋ।

ਨਿੱਡਰ ਕਲਮਾਂ ਦੇ ਸਦਕੜੇ ਜਾਂਵਦਾ ਹਾਂ,
ਲਾਹ ਦੇਣ ਜੋ ਵਾਲ਼ ਦੀ ਖੱਲ ਲੋਕੋ।

ਗੱਲਾਂ ਢੇਰਾਂ ਨੇ ਡੋਬ ਪੰਜਾਬ ਦਿੱਤਾ,
ਇਨ੍ਹਾਂ 'ਚੋਂ ਇਕ ਨਸ਼ੇ ਦੀ ਦਲ-ਦਲ ਲੋਕੋ।

ਸਿਦਕੀ ਸੀਸ ਦੇ ਕੇ ਬੜੇ ਕੁਰਬਾਨ ਹੋਏ
ਕਈ ਸਕੇ ਇਕ ਡਾਂਗ ਨਾ ਝੱਲ ਲੋਕੋ।

ਬਣੇ ਚੌਧਰੀ, ਜੋ ਚਾਪਲੂਸ ਆਗੂ,
ਕਰਦੇ ਕਦੇ ਨਾ ਚੱਜ ਦੀ ਗੱਲ ਲੋਕੋ।

ਕਦੇ ਸਿੰਘ ਸਰਦਾਰਾਂ ਦਾ ਸੀ 'ਬੱਬੀ',
ਬਣ ਗਿਆ ਹੁਣ 'ਭਈਆਂ ਦਾ ਦਲ' ਲੋਕੋ।

**ਬਲਬੀਰ ਸਿੰਘ ਬੱਬੀ**
**7009107300**

## ਪਰਦੇਸੀ ਦੇ ਦਿਲ ਦੀ ਆਵਾਜ਼

ਮੇਰੀ ਮਾਂ ਆਵਾਜ਼ਾ ਮਾਰਦੀ ,
ਮੈ ਘਰ ਜਾਣਾ ਚਾਹੁੰਦਾ ਹਾਂ,
ਮੈਂ ਤਰਸਿਆ ਉਹਦੇ ਹੱਥ ਦੀ ਰੋਟੀ ਤੋ
ਇੱਕ ਬੁਰਕੀ ਖਾਣਾ ਚਾਹੁੰਦਾ ਹਾਂ
ਮੇਰਾ ਬਾਪੂ ਰੋਬ ਨਾਲ ਪੁਕਾਰ ਰਿਹਾ,
ਉਹਦੇ ਪੈਰੀ ਹੱਥ ਲਾਉਣਾ ਚਾਹੁੰਦਾ ਹਾਂ
ਜਿਹਦੀਆ ਝਿੜਕਾਂ ਨਾਲ ਸੀ ਸਵੇਰ ਹੁੰਦੀ,
ਇੱਕ ਵਾਰੀ ਉਹਦੀ ਕੁੱਟ ਖਾਣਾ ਚਾਹੁੰਦਾ ਹਾਂ
ਮੇਰੀ ਭੈਣ ਮੈਂਨੂੰ ਪੁਕਾਰਦੀ,
ਜਿਸ ਤੋ ਰੱਖੜੀ ਵਾਲੇ ਪੈਸੇ ਖੋ ਲੈਣੇ
ਜਿਹਦੇ ਲੜੇ ਬਿਨਾ ਚੈਨ ਨਹੀਂ ਸੀ ਆਉਂਦਾ
ਇੱਕ ਵਾਰ ਉਹਨੂੰ ਫੇਰ ਤੋ ਸਤਾਉਣਾ ਚਾਹੁੰਦਾ ਹਾਂ
ਮੇਰੇ ਯਾਰ ਆਵਾਜ਼ਾਂ ਮਾਰਦੇ ,
ਜਿਨਾਂ ਬਿਨਾ ਇੱਕ ਪਲ ਵੀ ਨਾ ਸੀ ਸਰਦਾ ,
ਉਨਾ ਨਾਲ ਬੈਠ ਪੱਖ ਪਾਉਣਾ ਚਾਹੁੰਦਾ ਹਾਂ,
ਮੈਨੂੰ ਉਹ ਆਵਾਜ਼ਾਂ ਮਾਰਦੀ,
ਉਹਨੂੰ ਗਲ ਨਾਲ ਲਾਉਣਾ ਚਾਹੁੰਦਾ ਹਾਂ,
ਜਿਹਦੇ ਨਾਲ ਇਕਠੇ ਜਿਊਣ
ਮਰਨ ਦਾ ਵਾਅਦਾ ਕੀਤਾ ਸੀ
ਇੱਕ ਵਾਰ ਉਹਤੋ ਮਾਫੀ ਮੰਗਣਾ ਚਾਹੁੰਦਾ ਹਾਂ
ਮੈਨੂੰ ਮੇਰਾ ਵਤਨ ਆਵਾਜ਼ਾਂ ਮਾਰਦਾ,
ਫਿਰ ਉਥੇ ਪੈਦਾ ਹੋਣਾ ਚਾਹੁੰਦਾ ਹਾਂ,
ਜਿਹਦੀ ਮਿੱਟੀ ਚੋ ਵੀ ਖੁਸ਼ਬੂ ਆਉਦੀ
ਇੱਕ ਵਾਰ ਉਸ ਵਤਨ ਲਈ
ਕੁੱਝ ਕਰਨਾ ਚਾਹੁੰਦਾ ਹਾਂ

**ਪਿਰਤੀ ਸ਼ੇਰੋਂ**
**ਮੋ: 98144 07342**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325

Website: www.preetnama.com Email preetnamausa@gmail.com

24 OCT TO 30 OCT, 2025




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 325 | Website: www.preetnama.com Email preetnamausa@gmail.com | 24 OCT TO 30 OCT, 2025



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com